ਨਵੰਬਰ, 2015 ਅੰਕ 1

# ਪ੍ਰਤਿਬਿੰਬ

ਸਾਹਿਤ, ਖੋਜ ਅਤੇ ਸੱਭਿਆਚਾਰ ਦਾ ਪ੍ਰਤੀਨਿਧ



ਸਕੇਪ ਪੰਜਾਬ ਈ-ਪਤ੍ਰਿਕਾ

ਸਾਹਿਤ, ਖੋਜ ਅਤੇ ਸੱਭਿਆਚਾਰ ਦਾ

# ਪ੍ਰਤਿਬਿੰਬ

ਸਕੇਪ ਪੰਜਾਬ ਮਾਸਿਕ ਈ-ਮੈਗਜ਼ੀਨ

ਨਵੰਬਰ, 2015

ਅੰਕ 1

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ

ਸੁਬੇਗ ਸੱਧਰ

ਚਰਨਜੀਵ ਸਿੰਘ

ਡਾ. ਅਮਰਜੀਤ ਸਿੰਘ

**ਸਲਾਹਕਾਰ**

ਡਾ. ਜੋਗਾ ਸਿੰਘ

ਮਨਦੀਪ ਸਿੰਘ

ਸੁਖਦੇਵ ਗਂਡਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

ਸੰਪਰਕ ਅਤੇ ਪਤਾ

ਸਕੇਪ ਪੰਜਾਬ ਦਫ਼ਤਰ, ਫਗਵਾੜਾ

ਮੋਬਾਇਲ

+91 92178 89160,+91 98720 07176

ਈ-ਮੇਲ : scapepunjab@gmail.com

## ਤਤਕਰਾ

**ਸੰਪਾਦਕ ਦੀ ਕਲਮ 'ਚੋ**

ਸੰਪਾਦਕੀ................................ 3

**ਇੰਟਰਨੈੱਟ ਦਾ ਪੰਜਾਬੀ ਭਾਸ਼ਾ 'ਤੇ ਪ੍ਰਭਾਵ**

ਵਿਸ਼ੇਸ਼ ਲੇਖ........................... 5

**ਸ਼ਹੀਦ ਸ. ਭਗਤ ਸਿੰਘ ਨਾਲ ਮੇਰੀ ਜਾਣ ਪਛਾਣ**

ਖੋਜ਼ਪਰਕ ਲੇਖ ....................... 6

**ਭਾਰਤ ਵਿੱਚ ਵਾਪਰਿਆ ਖ਼ੂਨੀ ਘੁਟਾਲਾ: ਵਿਆਪਮ**

ਅੰਤਰਰਾਜ਼ੀ ਦ੍ਰਿਸ਼......................... 10

**ਗ਼ਲਤ-ਮਲਤ ਜ਼ਿੰਦਗੀ**

ਕਹਾਣੀ......................................... 12

**ਉਮੰਗ**

ਕਵਿਤਾ....................................... 16

**ਮਾਸੂਮ ਚਹਿਰਾ**

ਕਹਾਣੀ......................................... 17

**ਖੇਡ**

ਕਹਾਣੀ....................................... 17

**ਫ਼ਰਕ**

ਕਹਾਣੀ......................................... 18

**ਬਹੁ-ਕਲਾਵਾਂ ਦਾ ਸੁਮੇਲ ਸੰਦੀਪ ਕੌਰ ਅਰਸ਼**

ਮੁਲਾਕਾਤ........................................... 20

**ਬਲਰਾਜ ਸਿੱਧੂ ਦੀ ਪੁਸਤਕ ਜੁਗਨੀ**

ਪੁਸਤਕ ਸਮੀਖਿਆ............................... 21

**ਗ਼ਜ਼ਲ**............................................... 22

**ਜ਼ਿੰਦਗੀ ਦਾ ਗੀਤ** -ਕਵਿਤਾ......................... 22

**ਫੁੱਲਾਂ ਦਾ ਗੁਲਦਸਤਾ** - ਕਵਿਤਾ.................. 23

**ਚੋਕੋਂ-ਕਵਿਤਾ**........................................ 23

**ਸੰਦੇਸ਼**............................................... 24

**ਜ਼ਰੂਰੀ ਸੂਚਨਾ:** ਸਕੇਪ ਪੰਜਾਬ ਦਾ ਈ-ਮੈਗਜ਼ੀਨ **ਪ੍ਰਤਿਬਿੰਬ'** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ,ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।

## ਮੁੱਖ ਸੰਪਾਦਕ ਪ੍ਰਤਿਬਿੰਬ ਦੀ ਕਲਮ 'ਚੋ

ਸਾਹਿਤ ਸਿਰਜਣਾ ਇੱਕ ਪਵਿੱਤਰ ਕਰਮ ਹੈ। ਇਹ ਇੱਕ ਨਿਰੰਤਰ ਸਾਧਨਾ ਹੈ। ਜਿਸ ਵਿੱਚ ਲੇਖਕ ਆਪਣੀ ਸੋਚ, ਵਿਚਾਰਾਂ ਨੂੰ ਅੱਖਰਾਂ ਦਾ ਰੂਪ ਦਿੰਦਾ ਹੈ। ਕੁੱਝ ਲੋਕ ਇਸ ਨੂੰ ਅੱਖਰਾਂ ਦਾ ਖੇਲ ਜਾਂ ਜਾਦੂਗਰੀ ਵੀ ਆਖਦੇ ਹਨ। ਇਸਨੂੰ ਇੱਕ ਤਰਾਂ ਦਾ ਜਨੂੰਨ ਜਾਂ ਨਸ਼ਾ ਵੀ ਕਿਹਾ ਜਾ ਸਕਦਾ ਹੈ। ਇਹ ਨਸ਼ਾ ਜੋ ਕਰਦਾ ਹੈ, ਉਹ ਸੋਚ ਦੇ ਅੰਬਰਾ ਵਿੱਚ ਉੱਚੀ ਉਡਾਰੀ ਮਾਰਦਾ ਹੈ। ਇਹ ਸੋਚ ਦੇ ਸਮੁੰਦਰ ਵਿੱਚ ਗਹਿਰੇ ਗੋਤੇ ਲਾਉਂਦਾ ਹੈ। ਪਾਠਕਾਂ ਲਈ ਉਹ ਹੀਰੇ ਮੋਤੀ, ਜਵਾਹਰਾਤ ਵਰਗੇ ਅਨਮੋਲ ਰਤਨ ਖ਼ੋਜ ਕੇ ਲਿਆਉਂਦਾ ਹੈ, ਪਰ ਉਦੋਂ ਸਾਡੀ ਸੋਚ ਕਿੰਨ੍ਹੀ ਮਾੜੀ ਹੋ ਜਾਂਦੀ ਹੈ, ਜਦੋ ਕੁੱਝ ਤਥਾ-ਕਥਿਤ ਧਾਰਮਿਕ ਲੋਕ ਸਾਹਿਤਕਾਰਾਂ ਦੀ ਦਿਨ ਦਿਹਾੜੇ ਹੱਤਿਆ ਕਰ ਦਿੰਦੇ ਹਨ, ਧਾਰਮਿਕ ਉਨਮਾਦ ਵਿੱਚ ਰੱਬ ਰੂਪ ਲੇਖਕਾਂ ਦਾ ਆਪਣੀ ਸੋੜੀ ਸੋਚ ਨਾਲ ਸ਼ਿਕਾਰ ਕਰਦੇ ਹਨ। ਸਾਹਿਤਕਾਰ/ਲੇਖਕ ਮਨੁੱਖਤਾ ਦੇ ਗਿਆਨ ਵਿੱਚ ਜਿੱਥੇ ਇੱਕ ਪਾਸੇ ਵਾਧਾ ਕਰਦਾ ਹੈ, ਉੱਥੇ ਹੀ ਦੂਜੇ ਪਾਸੇ ਸਮਾਜ ਨੂੰ ਸਹੀ ਦਿਸ਼ਾਵਾਂ ਵੀ ਪ੍ਰਦਾਨ ਕਰਦਾ ਹੈ। ਸਾਹਿਤਕਾਰ ਪਹਿਲਾਂ ਅਨੇਕਾਂ ਕਿਤਾਬਾਂ ਪੜ੍ਹਦਾ ਹੈ, ਉਸ ਵੇਲੇ ਕੇਵਲ ਪੜ੍ਹਨਾ ਹੀ ਉਸ ਦਾ ਧਰਮ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਉਹ ਇੱਕ ਅਧਿਐਣਸ਼ੀਲ ਪਾਠਕ ਦੀ ਭੂਮਿਕਾ ਵੀ ਨਿਭਾਉਂਦਾ ਹੈ। ਸਾਡਾ ਇਸ ਰਸਾਲੇ ਨੂੰ ਕੱਢਣ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ, ਸਾਹਿਤ, ਭਾਸ਼ਾ ਵਿਗਿਆਨ ਅਤੇ ਸੱਭਿਆਚਾਰ ਦਾ ਪਾਸਾਰ ਕਰਨਾ ਹੈ। ਲੋਕਾਂ ਨੂੰ ਅੰਧ ਵਿਸ਼ਵਾਸਾਂ 'ਚੋ ਕੱਢਕੇ ਅੱਜ ਦੇ ਆਧੁਨਿਕ ਯੁੱਗ ਵਿੱਚ ਪ੍ਰਵੇਸ਼ ਕਰਵਾਉਣ ਦੇ ਨਾਲ-ਨਾਲ ਪਾਠਕਾਂ ਪੰਜਾਬੀ ਭਾਸ਼ਾਈ ਚਿੰਤਨ ਪ੍ਰਤੀ ਜਾਗਰੂਕ ਕਰਨਾ ਹੈ।

ਸਾਹਿਤ ਸਿਰਜਨ ਵਿੱਚ ਮਨ ਅਤੇ ਬੁੱਧੀ ਦਾ ਚੰਗਾ ਸੁਮੇਲ ਰਹਿੰਦਾ ਹੈ। ਇੱਕ ਲੇਖਕ ਮਨੁੱਖਤਾ ਦੀ ਸੇਵਾ ਬਿਨ੍ਹਾਂ ਕਿਸੇ ਮਿਹਨਤਾਨੇ ਤੋਂ ਕਰਦਾ ਹੈ। ਉਹ 'ਕਲਮਾ ਦਾ ਯੋਧਾ' ਬਣਕੇ ਸਮਾਜ ਨੂੰ ਸਹੀ ਸੇਧ ਦਿੰਦਾ ਹੈ। ਸਮਾਜ ਵਿੱਚ ਵਿਆਪਤ ਬੁਰਾਈਆਂ ਦਾ ਬੇਝਿਜਕ ਹੋਕੇ ਤਬਸਰਾ ਕਰਦਾ ਹੈ। ਉਹ ਵਿਦਿਆ, ਗਿਆਨ, ਕਲਾ ਦੀ ਦੇਵੀ ਦੇ ਉਪਾਸਕ ਹੁੰਦੇ ਹਨ। ਜਿਥੇ ਇੱਕ ਪਾਸੇ ਅਸੀਂ ਇਸ ਰਸਾਲੇ ਰਾਹੀਂ ਪੰਜਾਬੀ ਭਾਸ਼ਾ, ਸਾਹਿਤ ਨੂੰ ਪ੍ਰਫੁਲਿਤ ਕਰਨ ਦੀ ਕੋਸ਼ਿਸ਼ ਕਰਾਂਗੇ ਉਥੇ ਸਮਾਜਿਕ ਸਰੋਕਾਰਾਂ ਦੀ ਗੱਲ ਵੀ ਕਰਾਂਗੇ ਜਿਸ ਵਿਚ ਪੰਜਾਬੀਅਤ ਨਾਲ ਜੁੜੇ ਲੋਕਾ ਦੇ ਰਹਿਣ-ਸਹਿਣ, ਪਹਿਰਾਵੇ, ਬੋਲੀਆਂ, ਪਸ਼ੂਆਂ, ਪੰਛੀਆਂ ਅਤੇ ਉਪਜਾਂ ਦਾ ਜ਼ਿਕਰ ਹੋਵੇਗਾ।

ਸਾਨੂੰ ਧਾਰਮਿਕ ਗ੍ਰੰਥਾਂ ਵਿੱਚ ਰੂਹਾਨਿਅਤ ਲੇਖਕਾਂ ਦੀਆਂ ਲਿੱਖਤਾਂ ਪੜ੍ਹਣ ਨੂੰ ਮਿਲਦੀਆਂ ਹਨ। ਇਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ, ਅਰਜਨ ਦੇਵ ਜੀ, ਰਸਖਾਨ, ਸੂਰਦਾਸ, ਭਗਤ ਕਬੀਰ, ਰਵਿਦਾਸ, ਤੁਲਸੀ, ਮੀਰਾਂ ਆਦਿ ਪ੍ਰਮੁੱਖ ਹਨ। ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਬੁਲ੍ਹੇ ਸ਼ਾਹ, ਵਾਰਸ ਸ਼ਾਹ, ਮਕਸੂਦ, ਦਮੋਦਰ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ ਆਦਿ ਵਰਗੇ ਮਹਾਨ ਕਵੀ ਹੋਏ ਹਨ। ਅਸੀਂ ਇਹ ਰੱਬ ਅੱਗੇ ਦੋਂਵੇ ਹੱਥ ਜੋੜ ਕੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਓਨ੍ਹਾਂ ਨੂੰ ਸਦ-ਬੁੱਧੀ ਦੇਵੇ ਜੋ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕੋਝਿਆਂ ਹਰਕਤਾਂ ਕਰ ਰਹੇ ਹਨ, ਤਾਂ ਜੋ ਸਮਾਜ ਵਿੱਚ ਵਿਤਕਰੇ ਦਾ ਬੀਜ ਬਿਜਿਆ ਜਾ ਸਕੇ। ਪਰ ਅੱਜ ਵਿਗਿਆਨ ਦਾ ਯੁੱਗ ਹੋਣ ਕਾਰਨ ਲੋਕ ਓਨ੍ਹਾਂ ਦੀਆਂ ਇਨ੍ਹਾਂ ਕੋਝਿਆਂ ਚਾਲਾਂ ਨੂੰ ਸਮਝਦੇ ਹਨ। ਇਨਸਾਨ ਚਾਹੇ ਸਰਕਾਰ ਦੀ ਗੋਲੀ ਨਾਲ ਮਰੇ ਚਾਹੇ ਕਿਸੇ ਹੋਰ ਆਪਸੀ ਰੰਜਿਸ਼ ਕਾਰਨ ਮਰੇ, ਪਰ ਘਾਣ ਤਾਂ ਇਨਸਾਨਿਅਤ ਦਾ ਹੁੰਦਾ ਹੈ।ਇਹ ਇਨਸਾਨਿਅਤ ਦਾ ਘਾਣ ਨਾ ਹੋਵੇ ਇਸ ਲਈ, ਸਭ ਨੂੰ ਰਲ ਮਿਲਕੇ ਇੱਕਠੇ ਰਹਿਣ ਦਾ ਬੱਲ ਵਿਧਾਤਾ ਬਖ਼ਸ਼ੇ, ਸੱਚਾਈ ਨੂੰ ਸਾਹਮਣੇ ਲਿਆਉਣ ਦਾ ਫ਼ਰਜ਼ ਹਰ ਇੱਕ ਇਨਸਾਨ ਦਾ ਹੈ। ਭਾਵੇਂ ਉਹ ਲੇਖਕ ਹੈ ਜਾਂ ਪੱਤਰਕਾਰ ਜਾਂ ਕੋਈ ਵੀ ਆਮ ਆਦਮੀ। ਸਾਡੇ ਵਿਚਾਰ ਅਨੁਸਾਰ "ਆਦਮੀ ਨੂੰ ਆਦਮੀ ਸੰਗ ਪਿਆਰ ਹੋਣਾ ਚਾਹੀਦਾ ਹੈ, ਹਰ ਬਸ਼ਰ ਵਿੱਚ ਰੱਬ ਦਾ ਦੀਦਾਰ ਹੋਣਾ ਚਾਹੀਦਾ ਹੈ" ਕਿਸੇ ਵੀ ਸਮਸਿੱਆ ਦਾ ਹੱਲ ਬਾਤਚੀਤ-ਸੰਵਾਦ ਨਾਲ ਲਭਿਆ ਜਾ ਸਕਦਾ ਹੈ। ਕੋਈ ਵੀ ਮਸਲਾ ਵੱਡਾ ਨਹੀ ਹੁੰਦਾ। ਮੱਤ-ਭੇਦ ਤਾਂ ਪਰਿਵਾਰ ਦੇ ਸਦੱਸਾ ਵਿੱਚ ਵੀ ਹੁੰਦਾ ਹੈ। ਪਰ ਉਹ ਮੱਤ-ਭੇਦ ਹੋਣ ਦੇ ਬਾਵਜੂਦ ਵੀ ਇੱਕਠੇ ਰਹਿੰਦੇ ਹਨ। ਲੇਖਕਾਂ ਨੂੰ ਜਿਥੋ ਤੱਕ ਹੋ ਸਕੇ ਸਿਆਸੀ ਖੇਡ ਤੋਂ ਪਰੇ ਹੀ ਰਹਿਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਦੀ ਕਲਮ ਖੁੰਡੀ ਹੋ ਜਾਵੇਗੀ।

ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਹਿਦੀ ਹੈ ਕਿ ਜੇਕਰ ਲਗਾਤਾਰ ਇਨਸਾਨਿਅਤ ਦਾ ਕਤਲ਼ ਹੁੰਦਾ ਰਿਹਾ ਤਾਂ ਸਮਝੋ ਕੇ ਸਮਾਜ ਦਾ ਅੰਤ ਬਹੁਤ ਨੇੜੇ-ਤੇੜੇ ਹੈ। ਕਲ਼ਮਾ ਦੇ ਯੋਧੇ ਹਰ ਮਸਲੇ ਦਾ ਹੱਲ ਆਪਣੀ ਪੈਣੀ ਨਜ਼ਰ ਅਤੇ ਤਿੱਖੀ ਕਲਮ ਰਾਹੀਂ ਦੇ ਸਕਦੇ ਹਨ।

ਇਸ ਦੇਸ਼ ਵਿੱਚ ਹਰ ਇੱਕ ਵਿਅਕਤੀ ਨੂੰ ਬੋਲਣ, ਲਿਖਣ, ਵਿਚਾਰ ਪ੍ਰਗਟ ਕਰਨ ਦੀ ਪੂਰਨ ਅਜ਼ਾਦੀ ਹੈ। ਇਸ ਨੂੰ ਗੁਲਾਮ ਕਰਨਾ ਸਭ ਤੋਂ ਮਾੜੀ ਸੋਚ ਹੈ। ਸਮਾਜ ਇੱਕ ਕੋਰੇ ਕਾਗਜ਼ ਵਾਂਗ ਹੈ, ਇਸ ਉੱਪਰ ਜਿਨ੍ਹਾਂ ਵੀ ਵਿਚਾਰਾਂ ਨੂੰ ਉਕੇਰੀਆਂ ਜਾਵੇਗਾ, ਓਹੋ ਜਿਹਾ ਹੀ ਰੂਪ ਧਾਰਨ ਕਰ ਲੈਣਗੇ। ਵੇਖਿਆ ਜਾਵੇ ਤਾਂ ਚੰਗੇ ਸਮਾਜ ਲਈ ਹਰ ਇੱਕ ਨੂੰ ਦੂਜੇ ਵਿਅਕਤੀ ਨਾਲ ਪ੍ਰੇਮ ਕਰਨਾ ਅਤੀ ਜ਼ਰੂਰੀ ਹੈ, ਪਰ ਉਨ੍ਹਾਂ ਲੋਕਾਂ ਲਈ ਇਹ ਅੰਨਦ ਦੀ ਚੀਜ਼ ਹੈ, ਜਿਨ੍ਹਾਂ ਨੇ ਵਾਸਨਾ ਦੀ ਨਦੀ ਵਿੱਚੋਂ ਬਾਹਰ ਆਕੇ ਇਸਦੇ ਪ੍ਰਕਾਸ਼ ਨੂੰ ਵੇਖਿਆ ਹੈ, ਪਰ ਕੁੱਝ ਲੋਕ ਪੁਰਾਣਿਆ ਖਿਚਿਆਂ ਗਈਆਂ ਲਕੀਰਾਂ ਤੇ ਚੱਲਣ ਨੂੰ ਹੀ ਪ੍ਰੇਮ ਸਾਧਨਾ ਮੰਨਦੇ ਹਨ। ਪ੍ਰੇਮ ਵਿੱਚ ਕੋਈ ਛੋਟਾ-ਵੱਡਾ ਨਹੀ ਹੁੰਦਾ। ਪ੍ਰੇਮ ਦੀ ਦ੍ਰਿਸ਼ਟੀ ਤੋਂ ਕੋਈ

ਇਹ ਵੀ ਨਹੀ ਕਹਿ ਸਕਦਾ ਉਸ ਕੋਲ ਕੁੱਝ ਨਹੀਂ, ਮੈਂ ਕਿਸ ਨਾਲ ਪ੍ਰੇਮ ਕਰਾਂ, ਮੈਨੂੰ ਕੋਈ ਪ੍ਰੇਮ ਕਿਉਂ ਕਰੇ ਇਹ ਪ੍ਰਸ਼ਨ ਅਕਸਰ ਇਨਸਾਨ ਦੇ ਮਨ ਵਿੱਚ ਉਭਰਦੇ ਰਹਿੰਦੇ ਹਨ, ਪਰ ਹਰ ਇੱਕ ਇਨਸਾਨ ਕੋਲ ਪ੍ਰੇਮ ਦਾ ਅਥਾਹ ਸਾਗਰ ਹੈ, ਇਹ ਗੱਲ ਵੱਖਰੀ ਹੈ ਉਹ ਧਨ, ਗਿਆਨ, ਰੂਪ, ਜਾਤਿ ਅਤੇ ਪਦ ਦੇ ਹੰਕਾਰ ਵਿੱਚ ਉਸ ਨੂੰ ਵੇਖ ਨਹੀਂ ਸਕਦਾ ਜੇਕਰ ਉਪ੍ਰੋਕਤ ਹੰਕਾਰ ਦੇ ਪਰਦੇ ਉਸ ਦੀਆਂ ਅੱਖਾ ਉਪਰੋਂ ਉਤਰ ਜਾਣ ਤਾਂ ਉਸ ਨੂੰ ਆਪਣੇ ਅੰਦਰ ਪ੍ਰੇਮ ਦਾ ਸਾਗਰ ਠਾਠਾ ਮਾਰਦਾ ਨਜ਼ਰ ਆ ਜਾਵੇਗਾ।

**ਮਨੋਜ ਫਗਵਾੜਵੀ,**
**ਸਕੇਪ ਪੰਜਾਬ**

## ਪਾਠਕ/ਲੇਖਕ ਧਿਆਨ ਦੇਣ

- ਸਮੂਹ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਈ-ਮੈਗਜ਼ੀਨ ਪ੍ਰਤਿਬਿੰਬ ਵਿੱਚ ਛਪਿਆ ਰਚਨਾਵਾਂ ਬਾਰੇ ਆਪਣੀ ਉਸਾਰੂ ਪ੍ਰਤਿਕਰਮਾ ਸਾਡੀ ਈ-ਮੇਲ scapepunjab@gmail.com ਤੇ ਭੇਜਣ ਦੀ ਖੇਚਲ ਕੀਤੀ ਜਾਵੇ।
- ਸਮੂਹ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ, ਪੁਸਤਕਾਂ ਅਤੇ ਹੋਰ ਖੋਜ ਪੱਤਰ ਸਕੇਪ ਪੰਜਾਬ ਦੀ ਈ-ਮੇਲ ਤੇ ਭੇਜ ਸਕਦੇ ਹਨ ।
- ਜੇਕਰ ਆਪ ਜੀ ਨੂੰ ਪ੍ਰਤਿਬਿੰਬ ਰਸਾਲੇ ਵਿੱਚ ਛੱਪੇ ਕਿਸੇ ਰਚਨਾਂ ਸਬੰਧੀ ਕੋਈ ਇਤਰਾਜ਼ ਹੈ ਤਾਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਤਾਂ ਜੋ ਉਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।
- ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਇਲਾਵਾ ਕਿਸੇ ਹੋਰ ਥਾਂ ਤੋਂ ਡਾਉਨਲੋਡ/ਪੜ੍ਹੇ ਗਏ ਈ-ਮੈਗਜ਼ੀਨ ਨਾਲ ਸਾਡਾ ਕੋਈ ਸਬੰਧ ਨਹੀ ਹੋਵੇਗਾ।
- ਸਕੇਪ ਪੰਜਾਬ ਦਾ ਕਿਸੇ ਹੋਰ ਸੰਸਥਾ ਜਾਂ ਰਸਾਲੇ ਨਾਲ ਕੋਈ ਸਬੰਧ ਨਹੀ ਹੈ। ਇਹ ਇੱਕੋ-ਇੱਕ ਸਕੇਪ ਪੰਜਾਬ ਦਾ ਮੈਗਜ਼ੀਨ ਹੈ।
- ਇਸ ਮੈਗਜ਼ੀਨ ਵਿੱਚ ਛਪਿਆਂ ਰਚਨਾਵਾਂ ਦਾ ਉਤਾਰਾ/ਵਰਤੋਂ ਕਰਨ ਤੋਂ ਪਹਿਲ੍ਹਾਂ ਸਕੇਪ ਪੰਜਾਬ ਤੋਂ ਪ੍ਰਵਾਨਗੀ ਲਈ ਜਾਵੇ।
- ਸਕੇਪ ਪੰਜਾਬ ਲਈ ਆਰਥਿਕ ਸਹਿਯੋਗ ਸਕੇਪ ਪੰਜਾਬ ਦੇ ਦਫ਼ਤਰ ਤੋਂ ਇਲਾਵਾ ਕਿਸੇ ਹੋਰ ਦੇ ਨਾਲ ਨਾ ਕੀਤਾ ਜਾਵੇ।

## ਇੰਟਰਨੈੱਟ ਦਾ ਪੰਜਾਬੀ ਭਾਸ਼ਾ ’ਤੇ ਪ੍ਰਭਾਵ

(ਵਿਸ਼ੇਸ਼ ਲੇਖ)



ਦੁਨੀਆ ਦੀਆਂ ਤਮਾਮ ਭਾਸ਼ਾਵਾਂ ਨੇ ਹੌਲੀ-ਹੌਲੀ ਵਿਕਾਸ ਕਰ ਕੇ ਵਰਤਮਾਨ ਸਮੇਂ ਤਕ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਇਹ ਪ੍ਰਕਿਰਿਆ ਹਜ਼ਾਰਾਂ ਸਾਲਾਂ ਦੀ ਮਨੁੱਖੀ ਦਿਮਾਗ ਦੀ ਭਾਸ਼ਾ ਪ੍ਰਤੀ ਘਾੜਤ ਦਾ ਇਕ ਸ਼ਾਨਦਾਰ ਨਤੀਜਾ ਹੈ ਕਿ ਦੁਨੀਆ ਦੇ ਵਿਚ ਅੱਜ ਹਜ਼ਾਰਾਂ ਹੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਹੁਣ ਤਕ ਮਿਲਦੇ ਭਾਸ਼ਾਵਾਂ ਦੇ ਇਤਿਹਾਸ ਵਿਚ ਕਈ ਭਾਸ਼ਾਵਾਂ ਬਹੁਤ ਜਿਆਦਾ ਤਰੱਕੀ ਕਰ ਕੇ ਅੱਜ ਸਮੁੱਚੀ ਦੁਨੀਆ ’ਤੇ ਰਾਜ ਕਰ ਰਹੀਆਂ ਹਨ ਤੇ ਕਈ ਭਾਸ਼ਾਵਾਂ ਦਾ ਹੁਣ ਥਹੁ-ਪਤਾ ਵੀ ਨਹੀਂ ਅਤੇ ਕੁਝ ਭਾਸ਼ਾਵਾਂ ਆਪੋ-ਆਪਣੇ ਖੇਤਰਾਂ ਤਕ ਸੀਮਤ ਹੋ ਕੇ ਰਹਿ ਗਈਆਂ ਹਨ।

ਪੰਜਾਬੀ ਭਾਸ਼ਾ ਦਾ ਇਤਿਹਾਸ ਵੀ ਕਾਫੀ ਲੰਮੇਰਾ ਹੈ। ਇਸ ਨੇ ਵੀ ਵਿਕਾਸ ਦੀਆਂ ਲੀਹਾਂ ’ਤੇ ਪੈ ਕੇ ਹੌਲੀ-ਹੌਲੀ ਤਰੱਕੀ ਕਰਦੇ ਹੋਏ ਅਜੋਕੀ ਵਰਤਮਾਨਕ ਸਥਿਤੀ ਬਣਾਈ ਹੈ। ਪੰਜਾਬੀ ਭਾਸ਼ਾ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਦੂਜੀਆਂ ਭਾਸ਼ਾਵਾਂ ਦੇ ਵੀ ਕਈ ਸ਼ਬਦ ਤਦਭਵ ਜਾਂ ਤਤਸਮ ਰੂਪ ਵਿਚ ਮੌਜੂਦ ਹਨ। ਇਹ ਵਰਤਾਰਾ ਪੰਜਾਬੀ ਭਾਸ਼ਾ ਦੇ ਵਿਦਵਾਨਾਂ/ਵਿਚਾਰਕਾਂ ਅਤੇ ਭਾਸ਼ਾ ਵਿਗਿਆਨੀਆਂ ਵੱਲੋਂ ਸਮੇਂ-ਸਮੇਂ ’ਤੇ ਪੰਜਾਬੀ ਭਾਸ਼ਾ ਨੂੰ ਵਧੇਰੇ ਸਮਰੱਥ ਬਣਾਉਣ ਲਈ ਵਰਤਿਆ ਗਿਆ ਜੋਕਿ ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚਲੀਆਂ ਵਿਕਾਸ ਦੀਆਂ ਪਰਤਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ।

ਇਕ ਗੱਲ ਜੋ ਕਿ ਅੱਜ ਦੇ ਯੁੱਗ ਵਿਚ ਤਕਨੀਕੀ ਵਿਕਾਸ ਕਰਕੇ ਕਰਨੀ ਬਣਦੀ ਹੈ, ਉਹ ਇਹ ਹੈ ਕਿ ਆਧੁਨਿਕ ਤਕਨਾਲੋਜੀ (ਵਿਸ਼ੇਸ਼ ਕਰਕੇ ਇੰਟਰਨੈੱਟ) ਨੇ ਵੱਖ-ਵੱਖ ਭਾਸ਼ਾਵਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਜਿਸ ਤਹਿਤ ਭਾਸ਼ਾ ਦੇ ਪੱਖ ਤੋਂ ਇੰਟਰਨੈੱਟ ਰਾਹੀਂ ਜਿੱਥੇ ਕਿਸੇ ਭਾਸ਼ਾ ਨੂੰ ਵਰਤਣ ਭਾਵ ਕਪਿਊਟਰ ’ਤੇ ਲਿਖਣ ਜਾਂ ਪੜ੍ਹਨ ਸਮੇਂ ਕਈ ਵਿਆਕਰਣਕ ਪੱਖਾਂ ਤੋਂ ਭਾਸ਼ਾ ਦੀ ਆਨਲਾਈਨ ਸੋਧ-ਸੁਧਾਈ ਕੀਤੀ ਜਾ ਸਕਦੀ ਹੈ ਤਾਂਕਿ ਆਨਲਾਈਨ ਕਪਿਊਟਰ ’ਤੇ ਲਿਖੀ (ਟਾਈਪ) ਜਾਣ ਵਾਲੀ ਭਾਸ਼ਾ ਪੂਰਨ ਰੂਪ ਵਿਚ ਤਰੁੱਟੀ-ਰਹਿਤ ਹੋਵੇ, ਉੱਥੇ ਨਾਲ ਕਈ ਅਜਿਹੀਆਂ ਸਮੱਸਿਆਵਾਂ ਵੀ ਦਰਪੇਸ਼ ਚੁਣੌਤੀ ਬਣਦੀਆਂ ਹਨ ਜਦੋਂ ਭਾਸ਼ਾਈ ਪੱਖ ਤੋਂ ਕੁਝ ਤਰੁੱਟੀਆਂ ਰਹਿ ਵੀ ਜਾਂਦੀਆਂ ਹਨ। ਇਹ ਵਰਤਾਰਾ ਕਪਿਊਟਰ ਜਾਂ ਮੋਬਾਇਲ ’ਤੇ ਇੰਟਰਨੈੱਟ ਦੀ ਵਰਤੋਂ ਕਰਦੇ ਸਮੇਂ ਡਿਜੀਟਲ ਪੱਧਰ ’ਤੇ ਭਾਸ਼ਾ ਨੂੰ ਵਰਤਣ ਵੇਲੇ ਅਚੇਤ ਜਾਂ ਸੁਚੇਤ ਰੂਪ ਵਿਚ ਵਿਆਪਕ ਰੂਪ ਵਿਚ ਵਰਤ ਰਿਹਾ ਹੈ। ਇੱਥੇ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਪੰਜਾਬੀ ਭਾਸ਼ਾ ਅਤੇ ਇੰਟਰਨੈੱਟ ਰਾਹੀਂ

ਡਿਜੀਟਲ ਤਕਨੀਕ ਦਾ ਆਪਸੀ ਤਾਲਮੇਲ ਹੋਰ ਸੁਚਾਰੂ ਰੂਪ ਵਿਚ ਸਥਾਪਿਤ ਕਰਨ ਲਈ ਪੰਜਾਬੀ ਭਾਸ਼ਾ ਅਤੇ ਕਪਿਊਟਰ ਦੇ ਕਈ ਮਾਹਿਰ ਤੇ ਵਿਦਵਾਨ ਇਸ ਖੇਤਰ ਵਿਚ ਕਾਰਜਸ਼ੀਲ ਵੀ ਹਨ।

ਹੁਣ ਇਸ ਤੋਂ ਇਲਾਵਾ ਜੇਕਰ ਪੰਜਾਬੀ ਭਾਸ਼ਾ ਦੀਆਂ ਉਪ ਬੋਲੀਆਂ ਦੇ ਪ੍ਰਸੰਗ ਵਿਚ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਦੀਆਂ ਅਨੇਕਾਂ ਹੀ ਉਪ ਬੋਲੀਆਂ ਹਨ। ਮੋਟੇ ਤੌਰ 'ਤੇ ਜੇਕਰ ਵੇਖਿਆ ਜਾਵੇ ਤਾਂ ਪੰਜਾਬੀ ਦੀ ਟਕਸਾਲੀ ਬੋਲੀ ਅਜੋਕੇ ਪੰਜਾਬ ਦੇ ਮਾਝੇ ਦੇ ਖੇਤਰ ਵਿਚ ਬੋਲੀ ਜਾਂਦੀ ਹੈ ਜਦਕਿ ਦੁਆਬੀ ਬਿਆਸ ਅਤੇ ਸਤਲੁਜ ਦੇ ਵਿਚਕਾਰਲੇ ਖੇਤਰ ਅਤੇ ਮਲਵਈ ਬੋਲੀ ਜਲੰਧਰ ਤੋਂ ਬਰਾਸਤਾ ਜਾਂਦੇ ਹੋਏ ਸਤਲੁਜ ਤੋਂ ਪਾਰ ਬੋਲੀ ਜਾਂਦੀ ਹੈ। ਉਚਾਰਨ ਦੇ ਪੱਖ ਤੋਂ ਇਨ੍ਹਾਂ ਤਿੰਨਾਂ-ਮਾਝੀ (ਟਕਸਾਲੀ), ਦੁਆਬੀ ਅਤੇ ਮਲਵਈ ਬੋਲੀ ਵਿਚ ਆਪਸੀ ਅੰਤਰ ਹੈ। ਜਿਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਉਸ ਬੋਲੀ ਨੂੰ ਬੋਲਣ ਵਾਲਾ ਵਿਅਕਤੀ ਪੰਜਾਬ ਦੇ ਕਿਸ ਖੇਤਰ ਨਾਲ ਸੰਬੰਧ ਰੱਖਦਾ ਹੈ।

ਪਰੰਤੂ ਤਕਨੀਕੀ ਵਿਕਾਸ ਨੇ ਹੁਣ ਬੋਲੀ ਅਤੇ ਉਪ ਬੋਲੀ ਦੇ ਪ੍ਰਸੰਗ ਵਿਚ ਜਿਸ ਹੱਦ ਤਕ ਆਪਣਾ ਪ੍ਰਭਾਵ ਪਾਇਆ ਹੈ ਉਹ ਵੀ ਇਕ ਵਿਚਾਰਨਯੋਗ ਪਹਿਲੂ ਹੈ। ਅੱਜ ਕਪਿਊਟਰ, ਲੈਪਟਾਪ, ਟੈਬ, ਮੋਬਾਇਲ, ਆਈਪੈਡ ਆਦਿ ਵਰਗੇ ਡਿਜੀਟਲ ਉਪਕਰਨਾਂ ਨੇ ਪੰਜਾਬੀ ਭਾਸ਼ਾ ਨੂੰ ਜਿੱਥੇ ਆਧੁਨਿਕ ਤਕਨੀਕ ਦੇ ਸਮਰੱਥ ਕੀਤਾ ਹੈ, ਉੱਥੇ ਭਾਸ਼ਾ ਦੀਆਂ ਉਨ੍ਹਾਂ ਕਈ ਧਾਰਨਾਵਾਂ ਨੂੰ ਵੀ ਤੋੜਿਆ ਹੈ ਜਿਸ ਤਹਿਤ ਇਹ ਆਮ ਕਹਾਵਤ ਹੈ ਕਿ-- 'ਬਾਰ੍ਹਾਂ ਕੋਹਾਂ 'ਤੇ ਬੋਲੀ ਵੀ ਬਦਲ ਜਾਂਦੀ ਹੈ', ਕਿਉਂਕਿ ਤਕਨੀਕੀ ਸੰਚਾਰ ਦੇ ਖੇਤਰ ਵਿਸ਼ੇਸ਼ ਕਰ ਇੰਟਰਨੈੱਟ ਰਾਹੀਂ ਜੋ ਅਸੀਂ ਵੱਖ-ਵੱਖ ਤਰ੍ਹਾਂ ਦੇ ਸਾਫਟਵੇਅਰ (ਐਪਲੀਕੇਸ਼ਨ ਦੇ ਰੂਪ ਵਿਚ) ਜਿਵੇਂ ਵਟਸ ਐਪ, ਫੇਸਬੁਕ ਆਦਿ ਨੂੰ ਸੁਨੇਹਾ ਭੇਜਣ ਲਈ ਵਰਤਦੇ ਹਾਂ, ਦੇ ਰਾਹੀਂ ਅੱਜ ਪੰਜਾਬੀ ਭਾਸ਼ਾ ਦੀ ਜੋ ਵਰਤੋਂ ਹੋ ਰਹੀ ਹੈ, ਉਸ ਵਿਚ ਕਈ ਤਰ੍ਹਾਂ ਦੇ ਨਵੀਨ ਰੁਝਾਨ ਦੀ ਸਾਡੇ ਸਾਹਮਣੇ ਆ ਰਹੇ ਹਨ। ਜਿਸ ਤਹਿਤ ਬੋਲੀ ਅਤੇ ਉਪ ਬੋਲੀ ਦੀ ਆਪਸੀ ਦੂਰੀ ਘਟ ਰਹੀ ਮਹਿਸੂਸ ਹੋ ਰਹੀ ਹੈ ਅਤੇ ਇਨ੍ਹਾਂ ਨਵੀਆਂ ਤਕਨੀਕਾਂ ਰਾਹੀਂ ਅੱਜ ਪੰਜਾਬੀ ਦੀਆਂ ਉਪ ਬੋਲੀਆਂ ਆਪਸ ਵਿਚ 'ਤੇ ਰਲਗੱਡ ਹੋ ਰਹੀਆਂ ਹਨ। ਬੇਸ਼ੱਕ ਇਸ ਨਾਲ ਕੇਂਦਰੀ ਪੰਜਾਬੀ ਭਾਸ਼ਾ ਨੂੰ ਕੋਈ ਫਰਕ ਨਹੀਂ, ਪਰੰਤੂ ਮਾਝੀ, ਦੁਆਬੀ ਅਤੇ ਮਲਵਈ ਬੋਲੀ ਦੇ ਇੰਟਰਨੈੱਟ ਵਿਸ਼ੇਸ਼ ਕਰ ਵਟਸ ਐਪ, ਫੇਸਬੁੱਕ ਆਦਿ ਸੁਨੇਹਾ ਪ੍ਰਣਾਲੀਆਂ ਦੇ ਜੋ ਵਰਤੋਕਾਰ ਹਨ ਉਨ੍ਹਾਂ ਦੇ ਆਪਸੀ ਸੁਨੇਹੇ ਜਿਹੜੇ ਕਿ ਪੰਜਾਬੀ ਭਾਸ਼ਾ ਵਿਚ ਲਿਖੇ ਹੋਣ ਦੇ ਬਾਵਜੂਦ ਕਈ ਵਾਰ ਆਪੋ-ਆਪਣੇ ਖੇਤਰ ਦੀਆਂ ਸਥਾਨਕ ਉਪ ਬੋਲੀਆਂ ਦਾ ਪ੍ਰਭਾਵ ਜ਼ਰੂਰ ਦੇਂਦੇ ਹਨ। ਜੇਕਰ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਇਸ ਰੁਝਾਨ ਦਾ ਅਸਰ ਬੇਸ਼ੱਕ ਪੰਜਾਬੀ ਭਾਸ਼ਾ ਨੂੰ ਜਾਣਨ-ਪਹਿਚਾਨਣ ਵਾਲਿਆਂ ਵਿਅਕਤੀਆਂ ਨੂੰ ਭਾਵੇਂ ਨਾ ਪਵੇ ਪਰੰਤੂ ਪੰਜਾਬੀ ਭਾਸ਼ਾ ਦੇ ਸਿਖਾਂਦਰੂਆਂ, ਵਿਸ਼ੇਸ਼ ਕਰਕੇ ਵਿਦਿਆਰਥੀ ਵਰਗ ਉੱਤੇ ਇਸ ਗੱਲ ਦਾ ਅਸਰ ਯਕੀਨਨ ਪਵੇਗਾ ਅਤੇ ਪੈ ਵੀ ਰਿਹਾ ਹੈ ਜਿਸ ਤਹਿਤ ਉਨ੍ਹਾਂ ਨੂੰ ਬੋਲੀ ਅਤੇ ਉਪ ਬੋਲੀ ਦੇ ਫਰਕ ਦੀ ਬੋਲਣ ਅਤੇ ਲਿਖਣ ਦੇ ਪੱਧਰ 'ਤੇ ਪਹਿਚਾਣ ਕਰਨੀ ਕੁਝ ਔਖੀ ਹੋ ਰਹੀ ਹੈ।

ਸੋ ਪੰਜਾਬੀ ਭਾਸ਼ਾ ਦੇ ਬੁੱਧੀਜੀਵੀਆਂ ਨੂੰ ਇਸ ਨਵੇਂ ਰੁਝਾਨ ਵਿੱਚੋਂ ਪੈਦਾ ਹੋ ਰਹੀਆਂ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਨੂੰ ਵੀ ਆਪਣੇ ਅਧਿਐਨ ਦਾ ਖੇਤਰ ਬਣਾਉਣਾ ਚਾਹੀਦਾ ਹੈ। ਇੱਥੇ ਸਾਡਾ ਮਕਸਦ ਇਹ ਕਹਿਣ ਦਾ ਹਰਗਿਜ਼ ਨਹੀਂ ਕਿ ਕੇਂਦਰੀ ਪੰਜਾਬੀ ਤੋਂ ਇਲਾਵਾ ਪੰਜਾਬੀ ਭਾਸ਼ਾ ਦੀਆਂ ਦੂਜੀਆਂ ਉਪ ਬੋਲੀਆਂ ਦੇ ਫੈਲਣ ਦਾ ਰੁਝਾਨ ਗਲਤ ਹੈ, ਸਗੋਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਇਸ ਦੀਆਂ ਉਪ ਬੋਲੀਆਂ ਦਾ ਹੋਰ ਵਿਸਥਾਰ ਹੋਵੇਗਾ। ਪਰੰਤੂ ਜਿੱਥੇ ਪੰਜਾਬੀ ਦੇ ਸ਼ੁੱਧ (ਕੇਂਦਰੀ ਸਰੂਪ/ਸਾਹਿਤਕ ਰੂਪ) ਨੂੰ ਲਿਖਣ ਦਾ ਸਵਾਲ ਹੈ ਉਸ ਵਿਚ ਕਿਤੇ ਨਾ ਕਿਤੇ ਪੰਜਾਬੀ ਭਾਸ਼ਾ ਦੇ ਸ਼ੁੱਧ ਸਰੂਪ ਉੱਪਰ ਫਰਕ ਜ਼ਰੂਰ ਪਵੇਗਾ।

ਸੋ ਅਜਿਹੀ ਸਥਿਤੀ ਵਿਚ ਜਿੱਥੇ ਭਾਸ਼ਾ ਦੇ ਮਾਹਿਰਾਂ ਨੂੰ ਸੁਚੇਤਤਾ ਦੀ ਲੋੜ ਹੈ, ਉੱਥੇ ਪੰਜਾਬੀ ਭਾਸ਼ਾ ਨੂੰ ਲਿਖਣ, ਪੜ੍ਹਨ ਅਤੇ ਬੋਲਣ ਵਾਲਿਆਂ ਵਿਸ਼ੇਸ਼ ਕਰਕੇ ਇੰਟਰਨੈੱਟ 'ਤੇ ਪੰਜਾਬੀ ਭਾਸ਼ਾ ਨੂੰ ਵਰਤਣ ਵਾਲਿਆਂ ਨੂੰ ਵੀ ਪੰਜਾਬੀ ਦੇ ਸ਼ੁੱਧ ਅਤੇ ਕੇਂਦਰੀ ਸਰੂਪ ਦੀ ਪਹਿਚਾਣ ਰੱਖਣੀ ਚਾਹੀਦੀ ਹੈ ਤਾਂ ਜੋ ਭਾਸ਼ਾ ਦੇ ਪੱਧਰ ਸਾਡਾ ਪੰਜਾਬੀ ਭਾਸ਼ਾ ਦਾ ਉਚਾਰਨ ਅਤੇ ਲਿਖਤੀ ਰੂਪ ਵਿਚ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਸਪੱਸ਼ਟ ਅਤੇ ਤਰੁੱਟੀ-ਰਹਿਤ ਹੋਵੇ।

**ਬਿਕ੍ਰਮਜੀਤ ਸਿੰਘ**
**ਕਰਮਚਾਰੀ, ਐੱਸ. ਜੀ. ਪੀ. ਸੀ,**
**ਸ੍ਰੀ ਅੰਮ੍ਰਿਤਸਰ ਸਾਹਿਬ**

## ਲੇਖਕਾਂ ਦੀ ਕਲਮ 'ਚੋ ਪ੍ਰਾਪਤ ਪੁਸਤਕਾਂ



**ਸ਼ਹੀਦ ਸ. ਭਗਤ ਸਿੰਘ ਨਾਲ ਮੇਰੀ ਜਾਣ ਪਛਾਣ**

ਖੋਜ਼ਪਰਕ ਲੇਖ (ਜੀਵਨੀ 'ਤੇ ਝਾਤ)

**("ਗੁੰਮਨਾਮ ਸਿਪਾਹੀ" ਆਜਾਦੀ ਘੁਲਾਟੀਏ ਤੇ ਦੇਸ਼-ਭਗਤ, ਮਾਸਟਰ ਕਾਬੁਲ ਸਿੰਘ "ਗੋਬਿੰਦਪੁਰੀ" ਦੀ ਜੀਵਨੀ ਤੇ ਚੋਣਵੀਆਂ ਲਿਖਤਾਂ ਉੱਪਰ ਇੱਕ ਝਾਤ)**

ਮੈਂ, ਪਹਿਲੀ ਵਾਰ ਇਕ ਸਾਲ ਦੀ ਸਜ਼ਾ ਭੁਗਤ ਕੇ 1922 ਦੇ ਅਖੀਰ 'ਚ ਕੈਂਪ ਜੇਲ੍ਹ ਮਿੰਟਗੁਮਰੀ ਤੋਂ ਰਿਹਾਅ ਹੋਇਆ ਸਾਂ। ਮੇਰੇ ਕੈਦ ਹੋਣ ਪਿਛੋਂ ਮੇਰੇ ਸਾਥੀ-ਮਾਸਟਰ ਦਲੀਪ ਸਿੰਘ ਜੀ, ਸ. ਕਰਮ ਸਿੰਘ ਜੀ ਝਿੰਗੜ, ਸ. ਕਰਮ ਸਿੰਘ ਜੀ ਦੌਲਤਪੁਰੀ, ਸ. ਧੰਨਾ ਸਿੰਘ ਜੀ ਬੈਹਲਪੁਰੀ, ਸ. ਉਦੇ ਸਿੰਘ ਜੀ ਤੇ ਸ. ਕਿਸ਼ਨ ਸਿੰਘ ਜੀ ਆਦਿ ਬੱਬਰ ਅਕਾਲੀ ਬਣ ਮਫ਼ਰੂਰ ਹੋ ਚੁੱਕੇ ਸਨ। ਇਹ ਸਾਰੇ ਸੱਜਣ ''ਬੱਬਰ ਅਕਾਲੀ ਦੋਆਬਾ" ਨਾਮ ਦਾ ਹਫ਼ਤੇਵਾਰ ਅਖ਼ਬਾਰ ਕੱਢਦੇ ਸਨ। ਅਖ਼ਬਾਰ ਕੈਂਪ ਜੰਗਲ ਵਿਚੋਂ ਉਡਾਰੂ ਪਰੈਸ ਤੋਂ ਸੈਕਲੋ ਸਟਾਈਲ 'ਚ ਛਪਦਾ ਸੀ, ਅਖ਼ਬਾਰ ਦੇ ਕੁੱਝ ਕੁ ਇਸ਼ੂ ਸਾਨੂੰ ਮਿੰਟਗੁਮਰੀ ਜੇਲ੍ਹ 'ਚ ਕਿਸੇ ਨਾ ਕਿਸੇ ਤਰ੍ਹਾਂ ਪਹੁੰਚਾਏ ਜਾਂਦੇ ਸਨ।

ਮੇਰੇ ਰਿਹਾ ਹੁੰਦਿਆਂ ਹੀ ਬਹੁਤ ਸਾਰੇ ਸਾਥੀ ਮਿਲਨ ਆਏ ਤੇ ਮੈਨੂੰ ਪਹਾੜ ਵਲ ਸੈਰ ਲਈ ਲੈ ਗਏ।

ਉਨ੍ਹੀਂ ਦਿਨੀਂ ਜਥੇਦਾਰ ਕਰਮ ਸਿੰਘ ਜੀ ਹੁਰੀਂ ਦੋਸ਼ੀਆਂ ਦੀ ਲਿਸਟ ਬਣਾ ਰਹੇ ਸਨ ਤੇ ਫ਼ੈਸਲਾ ਕਰ ਰਹੇ ਸਨ ਕਿ ਕਿਸ ਜੁਰਮ ਦੀ ਕੀ ਸਜ਼ਾ ਹੋਵੇ? ਮੈਂ ਤਾਂ ਦੋ ਕੁ ਮਹੀਨੇ ਬਾਹਰ ਰਹਿਣ ਉਪਰੰਤ ਫਿਰ ਫੜ੍ਹਿਆ ਗਿਆ ਤੇ ਮੇਰੇ ਪਿਛੋਂ ਇਨ੍ਹਾਂ ਨੇ ਇਕ ਲੰਬੀ ਚੌੜੀ ਲਿਸਟ ਬਣਾ ਕੇ ਦੇਸ਼-ਧਰੋਹੀਆਂ ਨੂੰ ਕਤਲ ਕਰਨਾ ਆਰੰਭ ਕਰ ਦਿੱਤਾ।

ਸਾਥ ਹੀ ਇਕ ਚਿੱਠੀ (ਜਥੇਦਾਰ ਕਰਮ ਸਿੰਘ ਜੀ ਦੌਲਤਪੁਰੀ, ਸ. ਧੰਨਾ ਸਿੰਘ ਜੀ ਬੈਹਲ ਪੁਰੀ ਤੇ ਸ. ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ) ਦੇ ਦਸਤਖ਼ਤਾਂ ਹੇਠ ਪੰਜਾਬ ਸਰਕਾਰ ਨੂੰ ਘੱਲ ਦਿੱਤੀ ਗਈ ਅਤੇ ਬੱਬਰ ਅਕਾਲੀ ਦੋਆਬਾ ਵਿਚ ਪ੍ਰਕਾਸ਼ਤਿ ਕਰ ਦਿੱਤੀ ਗਈ। ਉਸਦਾ ਹੈਡਿੰਗ ਸੀ, ''ਪੰਜਾਬ ਸਰਕਾਰ ਦੇ ਨਾਮ ਸਾਡੀ ਖੁੱਲ੍ਹੀ ਚਿੱਠੀ।" ਉਸ ਚਿੱਠੀ 'ਚ ਉਨ੍ਹਾਂ ਲਿਖਿਆ ਸੀ ਕਿ ਅਮਕੇ-2 ਆਦਮੀ ਨੂੰ ਅਸੀਂ ਕਤਲ ਕੀਤਾ ਹੈ ਤੇ ਅਮਕੇ-2 ਆਦਮੀਆਂ ਦੀ ਲਿਸਟ ਬਣਾਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਦੋਸ਼ਾਂ ਅਨੁਸਾਰ ਸਜ਼ਾ ਦਿੱਤੀ ਜਾਏਗੀ। ਪਰ ਏਸ ਸਭ ਕੁੱਝ ਦੀ ਜ਼ੁੰਮੇਵਾਰੀ ਸਾਡੇ ਤਿੰਨਾਂ ਦੇ ਸਿਰ ਹੈ। ਜੋ ਉਨ੍ਹਾਂ ਕਤਲਾਂ ਦਾ ਮੁਆਵਜ਼ਾ ਜਾਂ ਸਜ਼ਾ ਦੇਣੀ ਹੋਵੇ, ਅਸਾਨੂੰ ਮਿਲੇ। ਨਾਲ ਹੀ ਸਾਡਾ ਏਹ ਵੀ ਅਟੱਲ ਫੈਸਲਾ ਹੈ ਕਿ ਅਸੀਂ ਜੀਉਂਦੇ ਜੀਅ ਹੱਥ ਨਹੀਂ ਆਉਣਾ। ਕੁੱਝ ਕੁ ਕਤਲਾਂ ਤੇ ਏਸ ਚਿੱਠੀ ਦੇ ਛਪਣ ਤੋਂ ਉਪਰੰਤ ਸਾਰੇ ਇਲਾਕੇ ਚ ਤਹਿਲਕਾ ਮੱਚ ਗਿਆ। ਸਾਰੇ ਦੁਆਬੇ ਚ ਗਰਮੀ ਜਿਹੀ ਆ ਗਈ। ਸਰਕਾਰ ਨੇ ਸੈਂਕੜੇ ਘੋੜ-ਅਸਵਾਰ ਤੇ ਪੈਦਲ ਸਿਪਾਹੀ ਇਨ੍ਹਾਂ ਸੂਰਮਿਆਂ ਨੂੰ ਫੜਨ ਲਈ ਨਿਯਤ ਕਰ ਦਿੱਤੇ।

ਇਨ੍ਹਾਂ ਬੱਬਰ ਅਕਾਲੀਆਂ ਦੀ ਗ੍ਰਿਫ਼ਤਾਰੀ ਦੀ ਆੜ ਵਿਚ ਇਲਾਕੇ ਦੀਆਂ ਬਹੁਤੀਆਂ ਫਸਲਾਂ ਰੌਂਦ ਮਾਰੀਆਂ। ਕਈ ਥਾਈਂ ਮਾਸੂਮ ਦੇਵੀਆਂ ਦੀ ਬੇ-ਇਜ਼ਤੀ ਵੀ ਕੀਤੀ ਗਈ। ਭਲੇ-ਮਾਣਸਾਂ ਨੂੰ ਤੰਗ ਕੀਤਾ ਗਿਆ। ਕਈ ਪਿੰਡੀਂ ਤਾਜ਼ੀਰੀ ਚੌਂਕੀਆਂ ਬਿਠਾ ਦਿਤੀਆਂ ਗਈਆਂ।

1922 ਚ ਚੌਰਾ-ਚੌਰੀ ਦਾ ਹਾਦਸਾ ਹੋ ਗਿਆ। ਮਹਾਤਮਾ ਗਾਂਧੀ ਜੀ ਨੇ ਸਤਿਆਗ੍ਰਹਿ ਮੁਲਤਵੀ ਕਰ ਦਿੱਤਾ। ਚੌਰਾ-ਚੌਰੀ ਦੇ ਹਾਦਸੇ ਦੀ ਆੜ ਚ ਸਰਕਾਰ ਨੇ ਬੇਹੱਦ ਤਸ਼ੱਦਦ ਕਰਨਾ ਆਰੰਭ ਦਿੱਤਾ। ਮਹਾਤਮਾ ਗਾਂਧੀ ਨੇ ਅਪੀਲ ਕੀਤੀ ਕਿ ਜੇਕਰ ਪੰਜ ਸੱਜਨ ਚੌਰਾ-ਚੌਰੀ ਦੇ ਹਾਦਸੇ ਦਾ ਇਕਬਾਲ ਕਰ ਲੈਣ ਤਾਂ ਮੈਂ ਬਾਕੀਆਂ ਨੂੰ ਛੁਡਾਉਣ ਦਾ ਪੂਰਾ-2 ਯਤਨ ਕਰਾਂਗਾ। ਪਰ ਕਿਸੇ ਇਕ ਨੇ ਵੀ ਇਕਬਾਲ ਨਾ ਕੀਤਾ। ਤੇ ਜਿਥੋਂ ਤੀਕ ਮੈਨੂੰ ਯਾਦ ਹੈ 64 ਦੇ ਲਗਭਗ ਆਦਮੀ ਫਾਂਸੀ ਲਟਕਾ ਦਿੱਤੇ ਗਏ।

ਇਹਨਾਂ ਹਾਲਤਾਂ ਦੀ ਧੁੰਦਲੀ ਜਿਹੀ ਯਾਦ ਮੈਨੂੰ ਹੈ ਸੀ। ਜਦੋਂ ਜਥੇਦਾਰ ਕਰਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਸਰਕਾਰ ਦੇ ਨਾਮ ਖੁਲ੍ਹੀ ਚਿੱਠੀ ਰਾਹੀਂ ਲਿਖਿਆ ਕਿ ''ਸਾਡੀ ਆੜ ਵਿਚ ਬੇ-ਗੁਨਾਹਾਂ ਨੂੰ ਤੰਗ ਨਾ ਕੀਤਾ ਜਾਵੇ। ਪਰ ਅੰਗਰੇਜ਼ੀ ਸਰਕਾਰ ਨੇ ਇਕ ਨਾ ਸੁਣੀ, ਮੈਂ ਜੇਲ੍ਹ ਚ ਸਾਂ, ਕਦੀ ਕਦਾਈ ਕੋਈ ਅਧੂਰੀ ਜਿਹੀ ਖ਼ਬਰ ਪੁੱਜਦੀ ਸੀ। ਇਲਾਕੇ ਦੀ ਤਬਾਹੀ, ਸ਼ਰੀਫ ਦੇਵੀਆਂ ਦੀ ਬੇ-ਹੁਰਮਤੀ ਦੀ ਖ਼ਬਰਾਂ ਸੁਣ ਕੇ ਖੂਨ ਉਬਲਦਾ ਸੀ। ਪਰ ਬੇ-ਬਸ ਸਾਂ, ਦੂਜੇ ਮੈਨੂੰ ਰਹਿ 2 ਕੇ ਖਿਆਲ ਆਉਂਦਾ ਸੀ ਕਿ ਮਹਾਤਮਾ ਜੀ ਨੂੰ ਦੁਆਬੇ ਚ ਬੈਠ ਕੇ ਇਥੇ ਹੋ ਰਹੇ ਤਸ਼ੱਦਦ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ।

ਕਿਉਂਕਿ ਕਸੂਰਵਾਰ ਆਪਣੇ ਕਸੂਰ ਦਾ ਇਕਬਾਲ ਕਰਦੇ ਹਨ। ਫੇਰ ਬਾਕੀ ਲੋਕਾਂ ਨੂੰ ਤੰਗ ਕਰਨ ਦੇ ਕੀ ਅਰਥ? ਖੈਰ! ਮੈਂ 1926 ਦੇ ਅਖੀਰ ਜਾਂ 1928 ਦੇ ਅਰੰਭ ਚ ਰਾਵਲਪਿੰਡੀ ਜੇਲ੍ਹ ਤੋਂ ਰਿਹਾਅ ਹੋਇਆ। ਬਾਹਰ ਹੀ ਮੈਂ ਪੰਜ ਸਤ ਮਜ਼ਮੂਨ ਲਿਖੇ ਜੋ ਮੇਰੇ ਦਿਲੀ ਜਜ਼ਬਿਆਂ ਦਾ ਮਜ਼ਾਹਿਰਾ ਸਨ। ਮੈਂ ਗਾਂਧੀ ਜੀ ਦੇ ਨਾਂਅ ''ਮੇਰੀ ਪਹਿਲੀ ਖੁੱਲ੍ਹੀ ਚਿੱਠੀ"", ''ਦੂਸਰੀ ਖੁੱਲ੍ਹੀ ਚਿੱਠੀ", ਤੇ ''ਤੀਸਰੀ ਖੁੱਲ੍ਹੀ ਚਿੱਠੀ" ਨਾਂਅ ਹੇਠ ਲਗਾਤਾਰ ਤਿੰਨ ਆਰਟੀਕਲ ਲਿਖੇ। ਮੇਰੀ ਸੂਝ ਬੂਝ ਦੀ ਏਹ ਹਾਲਤ ਸੀ ਕਿ ਅਖ਼ਬਾਰਾਂ ਵਿਚ ਤਾਂ ਚਿੱਠੀਆਂ ਛਪਵਾ ਦਿੱਤੀਆਂ, ਪਰ ਮਹਾਤਮਾ ਜੀ ਨੂੰ ਲਿਖ ਕੇ ਕੋਈ ਪੱਤਰ ਨਾ ਘੱਲਿਆ। ਜਿੱਥੇ ਤੀਕ ਮੈਨੂੰ ਯਾਦ ਹੈ, ਇਨ੍ਹਾਂ ਚਿੱਠੀਆਂ ਵਿਚ ਮੈਂ ਲਿਖਿਆ ਕਿ ''ਤੁਸੀਂ ਤਸ਼ਦੱਦ ਦੀ ਕੀ ਤਾਰੀਫ਼ ਕਰਦੇ ਹੋ? ਕਿਉਂਕਿ ਸਾਡੀਆਂ ਤਕਰੀਰਾਂ ਨੂੰ ਨਾ ਸਰਕਾਰ ਨੇ ਤਸ਼ਦੱਦ ਸਮਝਿਆ ਨਾ ਹੀ ਜਨਤਾ ਨੇ। ਜਦੋਂ ਸਾਡੇ ਟੁਕੜਿਆਂ ਪੁਰ ਪਲਨ ਵਾਲੇ ਆਦਮੀ ਸਾਡੀ ਬਹੂ ਬੇਟੀ ਦੀ ਬੇ-ਇਜ਼ਤੀ ਕਰਨ ਤਾਂ ਉਸ ਵੇਲੇ ਉਨ੍ਹਾਂ ਨੂੰ ਸੁਮੱਤ ਦੇਣੀ ਤਸ਼ਦੱਦ ਹੈ? ਕੀ ਉਸ ਵੇਲੇ ਚੁਪ ਚਾਪ ਬੇ-ਇਜ਼ਤੀ ਸਹਾਰੀ ਜਾ ਸਕਦੀ ਹੈ? ਤੁਸੀਂ ਚੌਰਾ ਚੌਰੀ ਦੇ

ਹਾਦਸੇ ਦਾ ਪੰਜਾਂ ਸਜਨਾਂ ਤੋਂ ਇਕਬਾਲ ਕਰਾਉਣਾ ਚਾਹੁੰਦੇ ਸੌ ਤੇ ਇਕਬਾਲ ਕਰਨ ਦੀ ਸੂਰਤ ਵਿਚ ਬਾਕੀਆਂ ਨੂੰ ਛਡਾਉਣ ਲਈ ਸਾਰਾ ਜ਼ੋਰ ਲਾਉਣ ਲਈ ਤਿਆਰ ਸੌ, ਪਰ ਦੁਆਬੇ ਅੰਦਰ ਹੋ ਰਹੇ ਘੋਰ ਅਤਿਆਚਾਰ ਸਮੇਂ ਜਦ ਇਨ੍ਹਾਂ ਤਿੰਨਾਂ ਸੱਜਣਾਂ ਨੇ ਸਾਰੀ ਜ਼ੁੰਮੇਵਾਰੀ ਲੈ ਲਈ ਸੀ ਤਾਂ ਤੁਸਾਂ ਇਥੇ ਡੇਰੇ ਕਿਉਂ ਨਾ ਲਾ ਲਏ? ਤੇ ਪੀੜ੍ਹਤ ਲੋਕਾਂ ਦੀ ਮਦਦ ਕਿਉਂ ਨਾ ਕੀਤੀ? ਆਦਿ।" ਤੇ ਇਨ੍ਹਾਂ ਤੋਂ ਬਿਨਾਂ ਮੈਂ ਮਜ਼ਮੂਨ ਲਿਖੇ, ''ਦਫ਼ਾ 216 ਪੁਰ ਸਰਸਰੀ ਨਜ਼ਰ'', ''ਦਫ਼ਾ 110, 108 ਪੁਰ ਨਜ਼ਰ'', ''ਦੋਆਬੇ ਅੰਦਰ ਸ਼ਹੀਦੀ ਯਾਦਗਾਰ ਦੀ ਲੋੜ" ਆਦਿ ਖਾਸੇ ਗ਼ਰਮ-ਗ਼ਰਮ ਆਰਟੀਕਲ ਤਸੱਵਰ ਕੀਤੇ ਗਏ, ਪਰ ਉਹ ਲੇਖ ਮੇਰੇ ਜਿਹੇ ਸੈਂਕੜੇ ਨੌਜਵਾਨਾਂ ਦੇ ਖਿਆਲਾਂ ਦੀ ਤਰਜਮਾਨੀ ਕਰਦੇ ਸਨ।

ਮੈਨੂੰ ਯਾਦ ਹੈ ਕਿ ਸ. ਈਸ਼ਰ ਸਿੰਘ ਜੀ ਮੜੈਲ ਜੋ ਉਸ ਵੇਲੇ ਬਰਮਾ, ਆਸਾਮ ਚ ਗਏ ਹੋਏ ਸਨ, ਨੇ ਮੈਨੂੰ ਲਿਖਿਆ ਸੀ ਕਿ ਮੈਂ ''ਸੰਭਲ ਕੇ ਚਲਾਂ ਤੇ ਫੂਕ ਫੂਕ ਕੇ ਕਦਮ ਰੱਖਾਂ।" ਉਨ੍ਹੀਂ ਦਿਨੀਂ ਮਹਾਂ ਸ਼ਹੀਦ ਸ. ਭਗਤ ਸਿੰਘ ਜੀ ਨੇ ਮੈਨੂੰ ਮਿਲਨ ਲਈ ਇਕ ਉਚੇਚੇ ਆਦਮੀ ਰਾਹੀਂ ਸਦਿਆ ਕਿ ਮੈਂ ਉਨ੍ਹਾਂ ਨੂੰ ਲਾਹੌਰ ਮਿਲਾਂ।

ਸ. ਭਗਤ ਸਿੰਘ ਜੀ ਕਾਕੋਰੀ ਕੇਸ 'ਚ ਮੁਸ਼ਤਬਹ ਹੋਣ ਕਰਕੇ ਲਾਹੌਰ ਚ ਹਦ ਬੰਦ ਸਨ। ਤੇ ਇਕ ਤਰ੍ਹਾਂ ਦੀ ਜ਼ਮਾਨਤ ਹੋਈ-ਹੋਈ ਸੀ।

ਉਨ੍ਹੀਂ ਦਿਨੀਂ ਨਾ-ਮਿਲਵਰਤਨ ਤੇ ਸਤਿਆਗ੍ਰਹਿ ਦੀ ਤਹਿਰੀਕ ਜ਼ੋਰਾਂ ਪੁਰ ਸੀ, ਤੇ ਮੇਰੇ ਪੁਰ ਉਸ ਦਾ ਧਰਮ ਵਾਂਗੂ ਅਸਰ ਸੀ। ਉਦੋਂ ਜ਼ਮਾਨਤ ਕਰਾਉਣ ਵਾਲੇ ਨੂੰ ਕਮਜ਼ੋਰ ਗਿਣਿਆ ਜਾਂਦਾ ਸੀ। ਏਸ ਲਈ ਮੈਂ ਮਿਲਣ ਜਾਣ ਤੋਂ ਝਿਜਕਿਆ ਤੇ ਨਾਂਹ ਕਰ ਦਿੱਤੀ। ਦੂਜੀ ਵਾਰ ਵੀ ਮੈਂ ਟਾਲ ਮਟੋਲ ਤੋਂ ਕੰਮ ਲਿਆ।

1928 ਚ ਜਲੰਧਰ ਵਿਚ ਨੌਜਵਾਨ ਭਾਰਤ ਸਭਾ ਬਣ ਚੁੱਕੀ ਸੀ, ਮੈਂ ਉਸਦਾ ਜਨਰਲ ਸਕੱਤਰ ਸਾਂ, ਅਪ੍ਰੈਲ ਵਿਚ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਲਾਲਾ ਕਿਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਅਮ੍ਰਿਤਸਰ ਵਿਖੇ ਹੋਈ। ਮੇਰੀ ਸ. ਭਗਤ ਸਿੰਘ ਨਾਲ ਪਹਿਲੀ ਮੁਲਾਕਾਤ ਉਸ ਵੇਲੇ ਹੋਈ। ਜਦੋਂ ਉਸ ਮੇਰੇ ਉਨ੍ਹਾਂ ਨੂੰ ਮਿਲਣੋਂ ਇਨਕਾਰ ਦਾ ਕਾਰਨ ਪੁੱਛਿਆ ਤੇ ਮੇਰੇ ਦੱਸਣ ਪੁਰ ਉਨ੍ਹਾਂ ਹੱਸ ਕੇ, ਪਰ ਗੰਭੀਰਤਾ ਨਾਲ ਕਿਹਾ, ''ਕਿ ਤੁਸੀਂ ਮੇਰੀ ਅਜ਼ਮਾਇਸ਼ ਕਰ ਸਕਦੇ ਹੋ। ਮੈਂ ਡਰਦਾ ਨਹੀਂ ਹਾਂ। ਡਰ ਮੇਰੀ ਖਲੜੀ 'ਚ ਹੀ ਨਹੀਂ ਹੈ। ਕਹੋ ਤਾਂ ਉਬਲਦੇ ਤੇਲ ਚ ਹੱਥ ਪਾਉਣ ਨੂੰ ਤਿਆਰ ਹਾਂ ਚਾਹੋ ਤਲਵਾਰ ਨਾਲ ਕੋਈ ਅੰਗ ਕੱਟ ਕੇ ਦੇਖ ਸਕਦੇ ਹੋ, ਜਿਵੇਂ ਚਾਹੋਂ ਕਰ ਸਕਦੇ ਹੋ, ਮੇਰੇ ਡਰਨ ਦਾ ਸਵਾਲ ਹੀ ਨਹੀਂ ਹੈ, ਮੈਂ ਤਾਂ ਏਹ ਠੀਕਰਾ ਅੰਗਰੇਜ਼ ਦੇ ਮੱਥੇ ਮਾਰਨਾ ਚਾਹੁੰਦਾ ਹਾਂ, ਪਰ ਸਾਥੀਆਂ ਦੇ ਕਹੇ ਤੇ ਰੁਕਿਆ ਹੋਇਆ ਹਾਂ।" ਉਨ੍ਹਾਂ ਦੀਆਂ ਗੱਲਾਂ ਦਾ ਮੇਰੇ ਉਪਰ ਜਾਦੂ ਵਾਂਗ ਅਸਰ ਹੋ ਰਿਹਾ ਸੀ, ਆਪ ਹੰਸੂ-ਹੰਸੂ ਕਰਦੇ ਪਰ ਗੰਭੀਰਤਾ ਨਾਲ ਗੱਲਾਂ ਕਰੀ ਗਏ ਮੈਂ ਬੁਤ ਬਣੀ ਸੁਣਦਾ ਗਿਆ। ਗੱਲਾਂ ਗੱਲਾਂ ਚ ਉਨ੍ਹਾਂ ਆਪਣੇ ਇਰਾਦਿਆਂ ਦਾ ਇਜ਼ਹਾਰ ਕੀਤਾ ਕਿ ਪੰਜਾਬ ਚ ਨਵੀਂ ਇਨਕਲਾਬੀ ਪਾਰਟੀ ਦੀ ਲੋੜ ਹੈ। ਅਸੀਂ ''ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ" ਨਾਮ ਦੀ ਪਾਰਟੀ ਬਣਾਈ ਹੈ। ਤੁਸੀਂ ਵੀ ਸਾਥ ਦਿਓ।"

ਮੈਂ ਉਨ੍ਹਾਂ ਨੂੰ ਦੱਸਿਆ ਕਿ ਅਜਿਹੀਆਂ ਪਾਰਟੀਆਂ ਸਿਰੇ ਨਹੀਂ ਚੜ੍ਹਦੀਆਂ। ਸਾਥੀ ਵਾਹਿਦਾ ਮੁਆਫ਼ ਬਣ ਜਾਂਦੇ ਹਨ। ਮੈਂ ਉਹਨਾਂ ਦੇ ਸਾਹਮਣੇ ਪਿੰਡੀ ਪਿਸਤੌਲ ਕੇਸ (ਜਿਸ ਵਿਚ ਸਾਜਿਸ਼ ਤਿੰਨਾਂ ਆਦਮੀਆਂ ਦੀ ਸੀ, ਤੇ ਪਕੜ ਲਏ ਸਨ ਪੰਝੀ-ਤੀਹ। ਸਾਰੇ ਡਰਦੇ ਮਾਰੇ ਬਿਨਾਂ ਕੁਝ ਪਤੇ ਸ਼ਤੇ ਦੇ ਪੁਲਿਸ ਦੀ ਮਰਜ਼ੀ ਅਨੁਸਾਰ ਬਿਆਨ ਦੇਈ ਜਾਂਦੇ ਸਨ ਅਖੀਰ ਚ ਤਿੰਨਾਂ ਸੱਜਣਾਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਹੋਈ ਸੀ) ਸਾਹਮਣੇ ਰੱਖਿਆ-ਬੱਬਰ ਲਹਿਰ ਦੇ ਸਾਰੇ ਹਾਲਾਤ, ਪੁਲਸੀ ਤਸ਼ੱਦਦ ਤੇ ਸਾਰੇ ਹਾਲਾਤ ਦਾ ਅਸਰ ਉਨ੍ਹਾਂ ਦੇ ਸਾਹਮਣੇ ਰੱਖਿਆ ਪਰ ਸਰਦਾਰ ਭਗਤ ਸਿੰਘ ਜੀ ਨੇ ਆਪਣੇ ਸਾਥੀਆਂ ਦਾ ਪਰਸਪਰ ਪ੍ਰੇਮ ਤੇ ਪਿਆਰ ਦੱਸ ਕੇ ਪਾਰਟੀ ਦੀ ਬਹੁਤ ਮਜ਼ਬੂਤੀ ਦੱਸੀ। ਮੇਰੇ ਸਵਾਲ ਪਰ ਕਿ ਸ੍ਰੀ ਬੀ.ਸੀ. ਵੋਹਰਾ ਪੁਰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਤਰ ਵਿਚ ਆਪ ਨੇ ਕਿਹਾ ਕਿ ਉਨ੍ਹਾਂ ਦਾ ਐਸ ਵੇਲੇ ਅੰਡਰ ਗਰਾਉਂਡ ਪਾਰਟੀ ਨਾਲ ਕੋਈ ਤੁਅੱਲਕ ਨਹੀਂ ਹੈ। ਉਹ ਅਜਕਲ੍ਹ ਕੇਵਲ ਨੌਜੁਆਨ ਭਾਰਤ ਸਭਾ ਦੇ ਮੈਂਬਰ ਹਨ। ਦੂਜੇ ਸ. ਮੰਗਲ ਸਿੰਘ ਜੀ ਅਕਾਲੀ ਨੂੰ ਕਿਸੇ ਗੱਲੋਂ ਸ਼ੱਕ ਪੈ ਗਈ ਹੈ। ਪਰ ਏਹ ਸ਼ੱਕ ਨਿਰਮੂਲ ਹੈ। ਸਾਥੀ ਪੁਰ ਇਤਬਾਰ ਕੀਤਾ ਜਾ ਸਕਦਾ ਹੈ। ਮੈਂ ਸੋਚਾਂਗਾ ਕਹਿ ਕੇ ਗੱਲ ਮੁਕਾ ਦਿੱਤੀ, ਉਨ੍ਹਾਂ ਨੇ ਮੈਨੂੰ ਵਿਆਹ ਕਰਾਉਣ ਤੋਂ ਹੋੜਿਆ। ਮੈਂ ਆਪ ਵੀ ਵਿਆਹ ਦੇ ਹੱਕ ਵਿਚ ਨਹੀਂ ਸਾਂ। ਮੇਰੀ ਉਨ੍ਹਾਂ ਨਾਲ ਰਾਏ ਮਿਲ ਗਈ ਤੇ ਮੈਂ ਸ਼ਾਦੀ ਦੇ ਹੋਰ ਵੀ ਵਿਰੁਧ ਹੋ ਗਿਆ। ਉਪਰੰਤ ਜਦ ਵੀ ਉਹ ਜਲੰਧਰ ਆਏ ਮੈਨੂੰ ਜ਼ਰੂਰ ਮਿਲਦੇ ਰਹੇ। ਇਕ ਵਾਰ ਉਹ ਨੌਜੁਵਾਨ ਭਾਰਤ ਸਭਾ ਦੇ ਸਿਲਸਿਲੇ ਚ ਆਏ। ਉਨ੍ਹਾਂ ਨਾਲ ਸਾਥੀ ਅਬਦੁਲ ਮਜੀਦ, ਮੁਨਸ਼ੀ ਅਹਿਮਦ ਦੀਨ, ਜੋਸ਼, ਕਾਮਰੇਡ ਰਾਮ ਚੰਦਰ ਵੀ ਸਨ। ਉਨ੍ਹਾਂ ਮੈਜਿਕ ਲੈਨਟਰਨ ਨਾਲ ਦੇਸ਼ ਭਗਤਾਂ ਦੀਆਂ ਤਸਵੀਰਾਂ ਦਿਖਾਈਆਂ ਤੇ ਥੋੜ੍ਹਾ- 2 ਹਾਲ ਦੱਸਿਆ ਬਾਕੀ ਸਾਥੀਆਂ ਨੇ ਲੈਕਚਰ ਕੀਤੇ।

ਮੈਜਿਕ ਨੂੰ ਅੱਗ ਲੱਗ ਗਈ ਤੇ ਸ. ਭਗਤ ਸਿੰਘ ਜੀ ਦਾ ਮੱਥਾ ਲੂਸਿਆ ਗਿਆ ਪਰ ਆਪ ਨੇ ਫੌਰਨ ਪਗੜੀ ਦਾ ਲੜ ਵਲੇਟ ਲਿਆ ਤੇ ਕੰਮ ਨਾ ਛੱਡਿਆ। ਸਭ ਨੇ ਬਹੁਤ ਕਿਹਾ ਪਰ ਉਨ੍ਹਾਂ ਹਸ ਕੇ ਟਾਲ ਦਿੱਤਾ। ਫੇਰ ਸਾਰੀ ਰਾਤ ਉਨ੍ਹਾਂ ਦੇ ਮੱਥੇ ਚ ਪੀੜ੍ਹ ਹੁੰਦੀ ਰਹੀ।

1928 ਵਿਚ ਅਕਤੂਬਰ ਮਹੀਨੇ ਮੈਂ ਮੁੜ ਫੜਿਆ ਗਿਆ, ਪਿਛੋਂ ਸਾਂਡਰਸ ਮਾਰਿਆ ਗਿਆ।

ਅਸਲ ਵਿਚ ਮਾਰਨਾ ਤਾਂ ਮਿਸਟਰ ਸਕਾਟ ਨੂੰ ਸੀ ਪਰ ਉਸ ਦਿਨ ਉਹ ਕਸੂਰ ਚਲਾ ਗਿਆ। ਤੇ ਜੈ ਗੋਪਾਲ ਨੂੰ ਦੂਰੋਂ ਸਕਾਟ ਤੇ ਸਾਂਡਰਸ ਵਿਚ

ਫਰਕ ਨਾ ਦਿਸਿਆ ਉਸ ਨੇ ਕਹਿ ਦਿੱਤਾ ਕਿ ਏਹੀ ਸਕਾਟ ਹੈ। ਰਾਜਗੁਰੂ ਤੇ ਸ. ਭਗਤ ਸਿੰਘ ਨੇ ਉਸ ਨੂੰ ਮਾਰ ਦਿੱਤਾ। ਇਕ ਚੰਨਣ ਸਿੰਘ ਨਾਮੀ ਸਿਪਾਹੀ ਇਨ੍ਹਾਂ ਦੇ ਮਗਰ ਭੱਜਾ , ਤੇ ਇਨ੍ਹਾਂ ਉਸ ਨੂੰ ਸਮਝਾਇਆ ਕਿ ਅਸੀਂ ਉਸੇ ਨੂੰ ਮਾਰਨਾ ਸੀ ਤੂੰ ਮੁੜ ਜਾ ਪਰ ਉਸ ਇਕ ਨਾ ਮੰਨੀ ਤੇ ਸਰਦਾਰ ਭਗਤ ਸਿੰਘ ਜੀ ਦੀ ਗੋਲੀ ਨਾਲ ਠੰਡਾ ਹੋ ਗਿਆ।

ਇਸ ਸਿਲਸਿਲੇ ਚ ਕਾਫੀ ਨੌਜੁਆਨ ਫੜੇ ਗਏ। ਅਖ਼ਬਾਰਾਂ ਨੇ ਰੌਲਾ ਪਾਇਆ ਕਿ ਏਹ ਅੰਗਰੇਜ਼ ਅਫ਼ਸਰ ਮਲੰਗੀ ਡਾਕੂ ਦੇ ਸਾਥੀਆਂ ਨੇ ਮਾਰ ਦਿੱਤਾ ਹੈ। ‘‘ਉਧਰ ਮੇਰਠ ਦਾ ਸਾਜ਼ਿਸ਼ ਕੇਸ ਚਲ ਪਿਆ ਜਿਸ ਵਿਚ ਸਾਡੇ ਪੰਜਾਬ ਦੇ ਤਿੰਨ ਬੰਦੇ ਸਨ, ਸਹਿਗਲ, ਜੋਸ਼ ਤੇ ਅਬਦੁਲ ਮਜੀਦ। ਪੁਲਿਸ ਹੰਸਰਾਜ ਵੋਹਰਾ ਤੇ ਜੈ ਗੋਪਾਲ ਨੂੰ ਸਰਕਾਰੀ ਗਵਾਹ ਬਨਾਉਣ ਵਿਚ ਕਾਮਯਾਬ ਨਾ ਹੋ ਸਕੀ।

ਪਰ ਸੁਖਦੇਵ ਉਦੋਂ ਪਾਰਟੀ ਦਾ ਲੀਡਰ ਸੀ ਤੇ ਬਹੁਤ ਦਿਮਾਗੀ ਸਮਝਿਆ ਜਾਂਦਾ ਸੀ। ਉਂਝ ਨਿਗਰਾਨੀ ਤਾਂ ਸਾਰਿਆਂ ਦੀ ਹੋ ਰਹੀ ਸੀ ਪਰ ਸੁਖਦੇਵ ਉਨ੍ਹੀਂ ਦਿਨੀਂ ਦਿੱਲੀ ਤੋਂ ਆਇਆ ਸੀ ਤਾਂ ਪੁਲਿਸ ਨੇ ਸੁਖਦੇਵ ਦਾ ਪਿੱਛਾ ਕਰਨ ਤੇ ਮਕਾਨ ਦੇ ਪਿਛਲੇ ਪਾਸੇ ਗੰਧਕ ਡੁਲ੍ਹੀ ਮਿਲੀ। ਇਹ ਦੇਖਕੇ ਪੁਲੀਸ ਨੇ ਛਾਪਾ ਮਾਰਿਆ ਤਾਂ ਸੁਖਦੇਵ ਹੁਰੀਂ ਫੜ੍ਹੇ ਗਏ।

ਸੁਖਦੇਵ ਦੇ ਮੂੰਹੋਂ ਸ਼ੇਖੀ ਚ ਆ ਕੇ ਕੁਝ ਅਜਿਹੇ ਸ਼ਬਦ ਨਿਕਲ ਗਏ ਜਿਸ ਤੋਂ ਏਹ ਜ਼ਾਹਿਰ ਹੁੰਦਾ ਸੀ, ਕਿ ਸਾਂਡਰਸ ਦਾ ਕਤਲ ਇਨ੍ਹਾਂ ਦੀ ਪਾਰਟੀ ਨੇ ਹੀ ਕੀਤਾ ਹੈ। ਉਹ ਬੰਦੇ ਮਾਤਰਮ ਵਿਚ ਬਿਆਨ ਦੀ ਸ਼ਕਲ ਵਿਚ ਛਪ ਗਿਆ। ਅਗਲੇ ਦਿਨ ਜੈ ਗੋਪਾਲ ਤੇ ਹੰਸਰਾਜ ਵੋਹਰਾ, ਦੋਵੇਂ ਸਰਕਾਰੀ ਗਵਾਹ ਬਣ ਗਏ।

ਓਧਰ ਸਰਦਾਰ ਭਗਤ ਸਿੰਘ ਤੇ ਮਿਸਟਰ ਦੱਤ ਅਸੈਂਬਲੀ ਵਿਚ ਬੰਬ ਸੁਟਣ ਪੁਰ ਵੀਹ-2 ਸਾਲ ਦੀ ਕੈਦ ਹੋ ਚੁੱਕੇ ਸਨ, ਤੇ ਦੱਤ ਸੈਂਟਰਲ ਜੇਲ੍ਹ ਲਾਹੌਰ ਵਿਚ ਤੇ ਸ. ਭਗਤ ਸਿੰਘ ਜੀ ਮੀਆਂਵਾਲੀ ਜੇਲ੍ਹ ਵਿਚ ਤਬਦੀਲ ਹੋ ਚੁੱਕੇ ਸਨ।

ਸ. ਗੋਪਾਲ ਸਿੰਘ ਜੀ ਕੌਮੀ ਤੇ ਮੈਂ ਉਨ੍ਹੀਂ ਦਿਨੀਂ ਮੀਆਂ ਵਾਲੀ ਸਾਂ, ਬਾਬਾ ਰੂੜ੍ਹ ਸਿੰਘ ਜੀ, ਬਾਬਾ ਸ਼ੇਰ ਸਿੰਘ ਜੀ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਵੀ ਉਸੇ ਜੇਲ੍ਹ ਵਿਚ ਸਨ। ਬਾਬਾ ਰੂੜ ਸਿੰਘ ਨੇ ਭੁੱਖ ਹੜਤਾਲ ਕੀਤੀ ਹੋਈ ਸੀ ਤੇ ਹਾਲਤ ਖਰਾਬ ਸੀ, ਸਰਦਾਰ ਭਗਤ ਸਿੰਘ ਜੀ ਨੇ ਤੇ ਦੱਤ ਨੇ ਦਿੱਲੀ ਤੋਂ ਹੀ ਭੁੱਖ ਹੜਤਾਲ ਕੀਤੀ ਹੋਈ ਸੀ। ਇਸ ਲਈ ਮੈਂ ਤੇ ਕੌਮੀ ਜੀ ਬਾਬਾ ਰੂੜ੍ਹ ਸਿੰਘ ਨੂੰ ਮਿਲਣ ਮਗਰੋਂ ਸ. ਭਗਤ ਸਿੰਘ ਨੂੰ ਮਿਲਣ ਚਲੇ ਗਏ।

ਸ. ਭਗਤ ਸਿੰਘ ਦੇ ਬੇੜੀਆਂ ਲਗੀਆਂ ਹੋਈਆਂ ਸਨ ਤੇ ਆਪ ਘੂਕ ਸੁੱਤੇ ਪਏ ਸਨ। ਅਸੀਂ ਜਾਂਦਿਆਂ ਹੀ ਜਗਾਇਆ, ਉਹ ਉਠ ਕੇ ਬੈਠ ਗਏ। ਅਸੀਂ ਭੁੱਖ ਹੜਤਾਲ ਤੁੜਵਾਨੀ ਚਾਹੁੰਦੇ ਸਾਂ, ਏਸ ਲਈ ਆਪ ਤਜਰਬੇ ਦੀ ਬਿਨਾ ਪੁਰ ਤੇ ਉਨ੍ਹਾਂ ਪੁਰ ਚਲਨ ਵਾਲੇ ਮੁਕੱਦਮੇ ਤੇ ਹੋਰ ਹਾਲਤਾਂ ਤੇ ਬਹਿਸ ਹੁੰਦੀ ਰਹੀ। ਉਨ੍ਹਾਂ ਕਿਹਾ ਕਿ ਮੈਂ ਮੰਨਦਾ ਹਾਂ ਕਿ ਭੁੱਖ ਹੜਤਾਲ ਛਡ ਦੇਣੀ ਚਾਹੀਦੀ ਹੈ। ਪਰ ਦੱਤ ਲਾਹੌਰ ਹੈ। ਉਹਨੂੰ ਟਪਲਾ ਲਗ ਸਕਦਾ ਹੈ ਕਿ ਭਗਤ ਸਿੰਘ ਆਪਣੇ ਪੰਜਾਬੀ ਦੋਸਤਾਂ ਦੇ ਆਖੇ ਲੱਗ ਗਿਆ ਹੈ। ਤੇ ਮੇਰੀ ਪ੍ਰਵਾਹ ਨਹੀਂ ਕੀਤੀ, ਇਸ ਲਈ ਜਦੋਂ ਤੀਕ ਅਸੀਂ ਦੋਵੇਂ ਇਕੱਠੇ ਨਹੀਂ ਹੋ ਜਾਂਦੇ, ਭੁੱਖ ਹੜਤਾਲ ਜਾਰੀ ਰਖਣੀ ਪਵੇਗੀ। ਸਾਥੀਆਂ ਦਾ ਪਿਆਰ ਤੇ ਇਤਬਾਰ ਤਾਂ ਹੀ ਬਣਿਆ ਰਹਿ ਸਕਦਾ।

ਗੱਲਾਂ-ਬਾਤਾਂ ਚ ਮੈਂ ਉਹਨਾਂ ਨੂੰ ਪੁਰਾਣੀ ਗੱਲਬਾਤ ਦਾ ਇਸ਼ਾਰਾ ਕਰਕੇ ਦੱਸਿਆ ਕਿ ਵੋਹਰਾ ਅਤੇ ਜੈ ਗੋਪਾਲ ਸਰਕਾਰੀ ਗਵਾਹ ਬਣ ਚੁੱਕੇ ਹਨ। ਆਪ ਨੇ ਹੱਸ ਕੇ ਪਰ ਸੰਜੀਦਗੀ ਨਾਲ ਕਿਹਾ ਕਿ ‘‘ਹਾਂ ਮੈਨੂੰ ਪਤਾ ਲਗ ਗਿਆ ਹੈ। ਪਰ ਮੇਰਾ ਪੂਰਾ-2 ਯਕੀਨ ਹੈ ਕਿ ਮੇਰੇ ਸੌਂਹੇ ਹੁਦਿਆਂ ਹੀ ਦੋਵੇਂ ਮੁਕਰ ਜਾਣਗੇ। ਉਹ ਅਜਿਹਾ ਕਰ ਨਹੀਂ ਸਕਦੇ ਮੈਨੂੰ ਆਪਣੇ ਦਿਲੀ ਪਿਆਰ ਤੇ ਨਿਘ ਪੁਰ ਪੂਰਾ-2 ਭਰੋਸਾ ਹੈ।”

ਮੇਰੇ ਸਵਾਲ ਦੇ ਉਤਰ ਵਿਚ ਆਪ ਨੇ ਦੱਸਿਆ ਕਿ ਅਸੀਂ ਅਸੈਂਬਲੀ ਚੋਂ ਸਾਫ ਬਾਹਰ ਆ ਸਕਦੇ ਸਾਂ ਪਰ ਜਾਣਕੇ ਨਹੀਂ ਸਾਂ ਆਏ।

ਉਹਨਾਂ ਇਨਸਾਨੀ ਕਮਜ਼ੋਰੀਆਂ ਤੇ ਇਨਸਾਨੀ ਫਿਤਰਤ, ਹਾਉਮੈਂ ਦਾ ਹਵਾਲਾ ਦਿਦਿਆਂ ਕਿਹਾ ਕਿ ਇਕ ਤਾਂ ਪੰਜਾਬ ਪਰੈਸ ਨੇ ਏਹ ਲਿਖ ਦਿੱਤਾ ਕਿ ਸਾਂਡਰਸ ਮਲੰਗੀ ਡਾਕੂ ਦੇ ਸਾਥੀਆਂ ਨੇ ਮਾਰਿਆ ਹੋਣਾ ਹੈ ਤੇ ਇਸ ਗੱਲ ਨੇ ਸਾਡੇ ਕੀਤੇ ਕਾਰਨਾਮੇ ਪੁਰ ਮਿੱਟੀ ਪਾ ਦਿੱਤੀ। ਪੰਜਾਬੀ ਗੱਭਰੂਆਂ ਦੇ ਜਜ਼ਬਾਤ ਦੀ ਤਰਜਮਾਨੀ ਨਹੀਂ ਹੋਣ ਦਿੱਤੀ। ਕੇਸ ਦੀ ਨੌਈਯਤ ਸਿਆਸੀ ਅਤੇ ਮੁਜਰਮਾਨਾ ਜਾਹਿਰ ਕੀਤੀ ਹੈ। ਦੂਜੇ ਮੇਰਠ ਕੇਸ ਨੂੰ ਵਧੇਰੇ ਅਹਿਮੀਅਤ ਮਿਲ ਰਹੀ ਹੈ। ਜਦ ਕਿ ਅਸੀਂ ਬਹੁਤ ਖ਼ਤਰਾ ਲੈ ਕੇ ਸਾਰੇ ਮੁਲਕ ਨੂੰ ਇਕ ਤਰ੍ਹਾਂ ਦਾ ਹਲੂਣਾ ਦੇ ਦਿੱਤਾ ਹੈ। ਅਸੀਂ ਸਾਂਡਰਸ ਦੇ ਕੇਸ ਨੂੰ ਜਿਆਦਾ ਅਹਿਮੀਅਤ ਦੇਣਾ ਚਾਹੁੰਦੇ ਸਾਂ। ਅਸੀਂ ਉਨ੍ਹਾਂ ਦੇ ਅਸੈਂਬਲੀ ਬੰਬ ਵਿਚ ਦਿੱਤੇ ਬਿਆਨ ਦੀ ਤਾਰੀਫ਼ ਕੀਤੀ ਕਿ ਉਸ ਬਿਆਨ ਨੇ ਤੁਸਾਡੀ ਸਾਰੇ ਦੇਸ਼ ਦੀ ਇੱਜ਼ਤ ਨੂੰ ਚਾਰ ਚੰਦ ਲਗਾ ਦਿੱਤੇ ਹਨ। ਹੁਣ ਏਸ ਵਿਚ ਤੁਸਾਡਾ ਕੀ ਰਵਈਆ ਹੋਵੇਗਾ? ਤਾਂ ਉਨ੍ਹਾਂ ਹੱਸ ਕੇ ਕਿਹਾ ਕਿ ਅਵੱਲ ਤਾਂ ਮੇਰਾ ਸਬੂਤ ਹੈ ਕਿ ਮੈਂ ਉਸ ਦਿਨ ਪੰਜਾਬ ਵਿਚ ਨਹੀਂ ਸਾਂ, ਅੱਗੇ ਅੰਗਰੇਜ਼ ਦੀ ਨੀਅਤ ਦੇਖਾਂਗੇ ਜੇਕਰ ਮੈਨੂੰ ਯਕੀਨ ਹੋ ਗਿਆ ਕਿ ਅੰਗਰੇਜ਼ ਸਾਨੂੰ ਫਾਹੇ ਲਾਉਣ ਪਰ ਤੁਲਿਆ ਬੈਠਾ ਹੈ ਤਾਂ ਮੈਂ ਅਜਿਹਾ ਬਿਆਨ ਦਿਆਂਗਾ ਜੋ ਦੁਨੀਆਂ ਦੀ ਤਾਰੀਖ ਵਿਚ ਇਕ ਤਾਰੀਖੀ ਦਸਤਾਵੇਜ਼ ਦੀ ਸ਼ਕਲ ਇਖਤਿਆਰ ਕਰੇਗਾ। ਉਨ੍ਹਾਂ ਨੂੰ ਸਵਾਲ ਪੁਛਿਆ ਕਿ ‘‘ਫਰਜ਼ ਕਰੋ, ਸਰਕਾਰ ਤੁਸਾਂ ਨੂੰ ਫਾਂਸੀ ਦੀ ਸਜ਼ਾ ਦੇ ਕੇ ਉਸ ਤੇ ਅਮਲ ਕਰਨ ਤੋਂ ਪਹਿਲਾਂ ਤੁਸਾਂ ਨੂੰ ਇਕ ਜਾਂ ਦੋ ਬਦਿਆਂ ਨੂੰ ਮਿਲਣ ਦੀ ਆਖਰੀ ਖੁੱਲ੍ਹ ਹੋਵੇ ਤਾਂ ਤੁਸੀਂ ਕਿਸ ਕਿਸ ਨੂੰ ਮਿਲੋਗੇ?”

ਆਪ ਨੇ ਕਿਹਾ ਕਿ "ਮੇਰੀ ਮੌਤ ਦਾ ਸਦਮਾ ਤਾਂ ਮੇਰੀ ਦਾਦੀ ਨੂੰ ਜਿਆਦਾ ਹੋਣਾ ਹੀ ਹੈ, ਤੇ ਮੇਰੀ ਚਾਚੀ (ਮਿਸਜ਼ ਅਜੀਤ ਸਿੰਘ ਜੀ) ਨੂੰ ਵੀ ਬਹੁਤ ਦੁੱਖ ਹੋਵੇਗਾ, ਕਿਉਂਕਿ ਉਨ੍ਹਾਂ ਨੇ ਮੈਨੂੰ ਜ਼ਿਆਦਾ ਲਾਡਾਂ ਤੇ ਚਾਅਵਾਂ ਨਾਲ ਪਾਲਿਆ ਹੈ। ਪਰ ਜੇਕਰ ਅਜੇਹੀ ਗੱਲ ਬਣੀ ਤਾਂ ਮੈਂ ਆਪਣੇ ਪੁਲੀਟੀਕਲ ਗੁਰੂ ਸ੍ਰੀ ਸੁਰਿੰਦਰ ਨਾਥ ਸਨਿਆਲ ਨੂੰ ਮਿਲਾਂਗਾ। ਸੁਰਿੰਦਰ ਨਾਥ ਸਨਿਆਲ 14-15 ਦੀ ਸਾਜਿਸ਼ ਕੇਸ ਦੇ ਮੁਲਜ਼ਮ ਸਨ ਤੇ ਫੇਰ ਕਾਕੋਰੀ ਦੇ। (ਮੇਰੇ ਨਾਲ ਉਹ ਦੇਓਲੀ ਕੈਂਪ ਜੇਲ੍ਹ ਚ ਰਹੇ ਹਨ। ਉਸ ਵੇਲੇ ਤਾਂ ਉਨ੍ਹਾਂ ਦੇ ਖਿਆਲ ਹਿੰਦੂ ਸਭਾਈ ਜਿਹੇ ਜਾਪਦੇ ਸਨ। ਤੇ ਆਪ ਬਿਰਧ ਵੀ ਬਹੁਤ ਹੋ ਗਏ ਸਨ।) ਤੇ ਜੇਕਰ ਦੂਜੇ ਸੱਜਣ ਨੂੰ ਮਿਲਣ ਦੀ ਖਾਹਿਸ ਪੁਛੋਗੇ ਤਾਂ ਉਹ ਕਿਦਾਰ ਨਾਥ ਸਹਿਗਲ ਦੀ ਹੋਵੇਗੀ।"

ਜਦੋਂ ਮੈਂ ਪੁੱਛਿਆ ਕਿ "ਆਪਣੇ ਪਿਤਾ ਜੀ ਤੇ ਹੋਰ ਸੰਬੰਧੀਆਂ ਨੂੰ ਕਿਉਂ ਨਹੀਂ ਪਹਿਲੇ ਨੰਬਰ ਪੁਰ ਰੱਖਿਆ?"

ਤਾਂ ਆਪ ਨੇ ਹੱਸ ਕੇ ਕਿਹਾ ਕਿ "ਉਨ੍ਹਾਂ ਨੂੰ ਤਾਂ ਮੁਕੱਦਮੇ ਦੇ ਦੌਰਾਨ ਵੀ ਮਿਲਦਾ ਰਹਾਂਗਾ,,,ਤੇ ਜੇਕਰ ਮੈਂ ਫਾਂਸੀ ਲੱਗਣਾ ਹੀ ਹੋਇਆ ਤਾਂ ਏਹ ਵੀ ਕਹਾਂਗਾ ਕਿ ਮੇਰੀ ਸੁਆਹ ਕੋਈ ਨਾ ਬੇਚੇ।"

ਮੀਆਂਵਾਲੀ ਅਨ੍ਹੇਰੀਆਂ ਬਹੁਤ ਆਉਂਦੀਆਂ ਸਨ। ਬਾਜੇ ਵਕਤ ਆਦਮੀ ਨੂੰ ਆਪਣਾ ਹਥ ਨਜ਼ਰ ਨਹੀਂ ਸੀ ਆਉਂਦਾ। ਸਾਡਾ ਇਕ ਮਿੱਤਰ ਸ੍ਰੀ ਝੰਡੇ ਖਾਂ ਗੁੱਜਰ ਔਲੀਏ ਕਲਾਂ ਜ਼ਿਲਾ ਫੀਰੋਜ਼ਪੁਰ ਨੂੰ ਦੱਸ ਸਾਲ ਲਈ ਡਾਕੇ ਦੇ ਕੇਸ ਵਿਚ ਸਜ਼ਾ ਹੋਈ ਹੋਈ ਸੀ ਤੇ ਉਹ ਮੇਰੇ ਨਾਲ ਰਾਵਲਪਿੰਡੀ ਜੇਲ੍ਹ ਵਿਚ ਵੀ ਰਿਹਾ ਸੀ। ਮੀਆਂਵਾਲੀ ਉਹ ਪੀਲੀ ਵਰਦੀ ਵਾਲਾ ਨੰਬਰਦਾਰ ਸੀ ਤੇ ਬਹੁਤ ਜੇਰੇ ਵਾਲਾ ਤੇ ਮਨਚਲਾ ਆਦਮੀ ਸੀ। ਭਾਵੇਂ ਪਕੇਰੀ ਉਮਰ ਦਾ ਸੀ ਪਰ ਸੀ ਜੁਆਨੀ ਦੀ ਸਪਿਰਟ ਵਾਲਾ ਇਨਸਾਨ।

ਅਸੀਂ ਇਕ ਦਿਨ ਬਾਬਾ ਸ਼ੇਰ ਸਿੰਘ ਨਾਲ ਸਲਾਹ ਕੀਤੀ ਕਿ ਭਗਤ ਸਿੰਘ ਜੇਲ ਚੋਂ ਬਾਹਰ ਨਿਕਲ ਸਕੇ ਤਾਂ ਅੰਗਰੇਜ਼ੀ ਸਾਮਰਾਜ ਉਪਰ ਬਹੁਤ ਵੱਡੀ ਸੱਟ ਬਜ ਸਕਦੀ ਹੈ। ਝੰਡੇ ਨਾਲ ਗੱਲ ਹੋਈ ਤਾਂ ਉਸ ਫੌਰਨ ਹਾਂ ਕਰ ਦਿੱਤੀ ਤੇ ਪਿਸਤੌਲ ਸਣੇ ਗੋਲੀਆਂ, ਤੇ ਜੰਗਲਾਂ ਕਟਨ ਦੀ ਤਾਰ ਹਫਤੇ ਦੇ ਅੰਦਰ 2 ਜੇਲ੍ਹ ਚ ਮੰਗਵਾਉਣ ਦਾ ਇਕਰਾਰ ਕਰ ਲਿਆ। ਸਾਥ ਹੀ ਏਹ ਵੀ ਸਲਾਹ ਬਣੀ ਕਿ ਝੰਡਾ ਭਗਤ ਸਿੰਘ ਨੂੰ ਫਾਂਸੀ ਵਾਲੀ ਕੋਠੀ ਚੋਂ ਕੱਢ ਕੇ ਸਾਡੀ ਮੋਰਾ ਬੈਰਕ ਜੋ ਜੇਲ੍ਹ ਦੇ ਦੂਜੇ ਸਿਰੇ ਸੀ ਲੈ ਆਵੇਗਾ।

ਇੱਥੇ ਅਸੀਂ ਮੰਜੇ ਤੋਂ ਬਾਣ ਤੇ ਦੌਣ ਨਾਲ ਤਣੀਆਂ ਤੋਂ ਬਾਂਸ ਲਾਹ ਕੇ ਪੌੜੀ ਬਣਾ ਛਡਾਂਗੇ ਤੇ ਇਥੋਂ ਸਾਡੇ ਚੋਂ ਇਕ (ਕਾਬਲ ਸਿੰਘ) ਨਾਲ ਚਲੇਗਾ। ਪਰ ਏਸ ਪੁਰ ਅਮਲ ਹੋਣ ਤੋਂ ਪਹਿਲਾਂ ਲਾਜ਼ਮੀ ਸੀ ਕਿ ਸ. ਭਗਤ ਸਿੰਘ ਭੁੱਖ ਹੜਤਾਲ ਤੋੜ ਦੇਣ। ਕਿਉਂਕਿ ਗ਼ੈਰ ਇਲਾਕੇ ਬੀਮਾਰ ਨੂੰ ਚੁੱਕ ਕੇ ਲੈ ਜਾਣਾ ਬਹੁਤ ਕਠਿਨ ਸੀ। ਪਸਤੌਲ ਆਦਿ ਦਾ ਬੰਦੋਬਸਤ ਹੋ ਗਿਆ ਪਰ ਸ. ਭਗਤ ਸਿੰਘ ਭੁੱਖ ਹੜਤਾਲ ਛੱਡਣ ਨੂੰ ਨਾ ਮੰਨੇ ਉਨ੍ਹਾਂ ਦਾ ਖਿਆਲ ਸੀ ਕਿ ਪਤਾ ਨਹੀਂ ਪੁਲਸ ਉਨ੍ਹਾਂ ਨੂੰ ਕੇਹੜੇ ਵੇਲੇ ਲਾਹੌਰ ਲੈ ਜਾਏ? ਏਸ ਲਈ ਐਵੇਂ ਡੋ ਡੋ ਹੋ ਜਾਣ ਦਾ ਡਰ ਹੈ। ਉਨ੍ਹਾਂ ਦੇ ਹੱਠ ਕਰਨ ਪੁਰ ਏਹ ਤਜਵੀਜ਼ ਛਡਣੀ ਪਈ। ਏਸ ਤੋਂ ਬਾਅਦ ਮੈਂ ਉਨ੍ਹਾਂ ਦੀ ਹਮਦਰਦੀ ਚ ਭੁੱਖ ਹੜਤਾਲ ਕਰ ਦਿੱਤੀ ਮੇਰੇ ਦੋ ਕੁ ਹਫਤੇ ਬਾਅਦ ਕੌਮੀ ਜੀ, ਮੁਨਸ਼ੀ ਅਹਿਮਦ ਦੀਨ ਤੇ ਰਾਮ ਚੰਦਰ ਜੀ ਨੇ ਵੀ ਭੁੱਖ ਹੜਤਾਲ ਕਰ ਦਿੱਤੀ। ਸ. ਭਗਤ ਸਿੰਘ ਜੀ ਨੂੰ ਛੇਤੀ ਹੀ ਲਾਹੌਰ ਲੈ ਜਾਇਆ ਗਿਆ। ਸਪੈਸ਼ਲ ਮਜਿਸਟਰੇਟ ਨਾਲ ਝਗੜਾ ਹੋ ਜਾਣ ਕਰਕੇ ਸ. ਭਗਤ ਸਿੰਘ ਜੀ ਆਪਣੀ ਮਰਜ਼ੀ ਦਾ ਬਿਆਨ ਨਾ ਦੇ ਸਕੇ।

ਆਪ ਜੀ ਦੀ ਤੇ ਆਪ ਦੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਹਟਾਉਣੀ ਵਾਇਸਰਾਏ ਨੇ ਮੰਨ ਲਈ ਸੀ, ਪਰ ਏਹ ਫੈਸਲਾ ਸਾਡੇ ਇਕ ਲੀਡਰ ਨੇ ਸ਼ੇਖੀ ਚ ਆ ਕੇ ਆਊਟ ਕਰ ਦਿੱਤਾ ਤੇ ਸੀ.ਆਈ.ਡੀ. ਅਫਸਰਾਂ ਦੇ ਵਾ-ਵੇਲਾ ਕਰਨ ਪੁਰ ਆਪ ਨੂੰ ਆਪ ਦੇ ਸਾਥੀ ਸਮੇਤ ਸ਼ਾਮ ਵੇਲੇ ਫਾਂਸੀ ਪੁਰ ਲਟਕਾ ਦਿੱਤਾ ਗਿਆ ਤੇ ਉਥੇ ਹੀ ਸਰੀਰ ਦੇ ਟੁਕੜੇ ਕਰਕੇ ਛੋਟੇ ਦਰਵਾਜ਼ੇ ਰਾਹੀਂ ਬੋਰੀਆਂ ਚ ਪਾ ਕੇ ਮੋਟਰ ਪੁਰ ਫੀਰੋਜ਼ਪੁਰ ਦੇ ਲਾਗੇ ਸਤਲੁਜ ਦੇ ਕੰਢੇ ਸਸਕਾਰ ਕਰ ਦਿੱਤਾ ਗਿਆ। ਸ. ਭਗਤ ਸਿੰਘ ਜੀ ਨਾਲ ਰਹਿਣ ਦਾ ਭਾਵੇਂ ਮੈਨੂੰ ਬਹੁਤ ਥੋੜ੍ਹਾ ਸਮਾਂ ਮਿਲਿਆ ਪਰ ਉਨ੍ਹਾਂ ਦਾ ਹੰਸੂ-ਹੰਸੂ ਕਰਦਾ ਚਿਹਰਾ ਲਟਬੌਰੀਆਂ ਵਾਂਗ ਪਗੜੀ ਦਾ ਲੜ ਉਪਰ ਨੂੰ ਸਿਟਿਆ ਹੋਇਆ ਤੇ ਇਕ ਚੰਗੇ ਸੁਲਝੇ ਹੋਏ ਦਿਮਾਗ਼ ਤੇ ਸਾਰੀ ਦੁਨੀਆਂ ਦੇ ਖ਼ਤਰਿਆਂ ਤੋਂ ਲਾ-ਪ੍ਰਵਾਹ ਸੱਜਣ ਦੀ ਯਾਦ ਤਾਜ਼ਾ ਰਹੇਗੀ।

ਸ. ਭਗਤ ਸਿੰਘ ਦੇ ਫਾਂਸੀ ਲਟਕਾਏ ਜਾਣ ਉਪਰੰਤ ਇਕ ਗੱਲ ਜਿਸ ਨੇ ਮੈਨੂੰ ਬਹੁਤ ਦੁਖੀ ਕੀਤਾ ਉਹ ਇਹ ਸੀ ਕਿ ਇਕ ਪ੍ਰਤਾਪ ਸਿੰਘ ਨਾਮੀ ਮਜ਼੍ਹਬੀ ਸਿੱਖ, ਜੋ ਸੀ.ਆਈ.ਡੀ. ਦਾ ਮੁਲਾਜ਼ਮ ਸੀ, ਨੂੰ ਮੇਰੇ ਪਾਸ, 108 ਦਫਾ ਅਵਾਰਾਗਰਦੀ ਚ ਫੜ੍ਹ ਕੇ ਰਖਿਆ ਗਿਆ ਜੋ ਸਾਡੀ ਸੂਹ ਲੈਂਦਾ ਤੇ ਆਪਣੇ ਮਹਿਕਮੇਂ ਨੂੰ ਭੇਜਦਾ ਸੀ। ਪਰ ਉਹ ਆਪਣੀ ਅਸਲੀ ਪਹਿਚਾਣ ਲੁਕੋਣ ਲਈ ਆਪਣੇ ਆਪ ਨੂੰ ਸਰ ਜੋਗਿੰਦਰ ਸਿੰਘ ਦਾ ਭਣੇਵਾਂ ਕਹਿੰਦਾ ਸੀ। ਸਾਨੂੰ ਦੇਰ ਬਾਅਦ ਇਹ ਭੇਦ ਖੁਲ੍ਹਿਆ ਤੇ ਅਸੀਂ ਉਸ ਰਾਤ ਉਸ ਨੂੰ ਖ਼ੂਬ ਫਾਂਟਾ ਵੀ ਚਾੜ੍ਹਿਆ। ਪਰ ਮਗਰੋਂ ਕੁਝ ਦਿਨੀਂ ਬਾਅਦ ਹੀ ਉਸ ਨੂੰ ਬਾਹਰ ਕੱਢ ਦਿੱਤਾ ਗਿਆ, ਜਿਸ ਦਾ ਸਾਨੂੰ ਪਤਾ ਤਕ ਨ ਲੱਗਣ ਦਿੱਤਾ ਗਿਆ।

**ਚੋਣ, ਅਨੁਵਾਦ ਤੇ ਸੰਪਾਦਨ**

**ਐਸ ਬਲਵੰਤ, ਯੂ.ਕੇ।**

**ਲੇਖਕ**

**ਕਾਬੁਲ ਸਿੰਘ "ਗੋਬਿੰਦਪੁਰੀ"**

## ਭਾਰਤ ਵਿੱਚ ਵਾਪਰਿਆ ਖ਼ੂਨੀ ਘੁਟਾਲਾ: ਵਿਆਪਮ (ਅੰਤਰਰਾਜ਼ੀ ਦ੍ਰਿਸ਼)



ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਵਿਚ ਵਿਆਪਮ ਘੁਟਾਲੇ ਦੀ ਜਾਂਚ ਸੀਬੀਆਈ ਹਵਾਲੇ ਕਰ ਦਿੱਤੀ ਹੈ। ਇਸ ਦੇ ਨਾਲ ਮੁਲਜ਼ਮਾਂ, ਗਵਾਹਾਂ ਅਤੇ ਹੋਰ ਵਿਅਕਤੀਆਂ ਦੀਆਂ ਰਹੱਸਮਈ ਮੌਤਾਂ ਬਾਰੇ ਵੀ ਜਾਂਚ ਕੀਤੀ ਜਾਏਗੀ। ਚੀਫ਼ ਜਸਟਿਸ ਐਚ ਐਲ ਦੱਤੂ ਦੀ ਅਗਵਾਈ ਹੇਠਲੀ ਤਿੰਨ ਮੈਂਬਰੀ ਬੈਂਚ ਨੇ ਮੱਧ ਪ੍ਰਦੇਸ਼ ਦੇ ਰਾਜਪਾਲ ਰਾਮ ਨਰੇਸ਼ ਯਾਦਵ ਨੂੰ ਹਟਾਉਣ ਲਈ ਪਾਈਆਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਕੇਂਦਰ ਅਤੇ ਮੱਧ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹਨ। ਯਾਦਵ ਨੂੰ ਇਕ ਕੇਸ ਵਿਚ ਮੁਲਜ਼ਮ ਬਣਾਇਆ ਗਿਆ ਹੈ ਪਰ ਉਨ੍ਹਾਂ ਹਾਈਕੋਰਟ ਤੋਂ ਇਸ ਆਧਾਰ ਤੇ ਰਾਹਤ ਲੈ ਲਈ ਸੀ ਕਿ ਸੰਵਿਧਾਨਕ ਅਹੁਦੇ 'ਤੇ ਬੈਠੇ ਹੋਣ ਕਰਕੇ ਉਨ੍ਹਾਂ ਖ਼ਿਲਾਫ਼ ਕੇਸ ਨਹੀਂ ਚਲ ਸਕਦਾ। ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨਾਂ ਦੌਰਾਨ ਇੱਕ ਤੋਂ ਬਾਅਦ ਇੱਕ ਮੌਤ ਹੋ ਜਾਣ ਨਾਲ ਮੱਧ ਪ੍ਰਦੇਸ਼ ਦੇ ਵਿਆਪਮ ਖ਼ੂਨੀ ਘੁਟਾਲੇ ਦਾ ਰਹੱਸ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਇਸ ਘੁਟਾਲੇ ਦੇ ਮਾਮਲੇ ਵਿੱਚ ਫ਼ਰਜ਼ੀ ਪ੍ਰੀਖਿਆਰਥੀਆਂ ਬਾਰੇ ਜਾਂਚ ਕਰ ਰਹੇ ਜੱਬਲਪੁਰ ਮੈਡੀਕਲ ਕਾਲਜ ਦੇ ਡੀਨ ਡਾ. ਅਰੁਣ ਸ਼ਰਮਾ, ਖੋਜੀ ਪੱਤਰਕਾਰ ਅਕਸ਼ੈ ਸਿੰਘ ਅਤੇ ਇੱਕ ਟਰੇਨੀ ਪੁਲੀਸ ਇੰਸਪੈਕਟਰ ਅਨਾਮਿਕਾ ਦੀਆਂ ਭੇਤਭਰੀ ਹਾਲਤ ਵਿੱਚ ਹੋਈਆਂ ਮੌਤਾਂ ਨੇ ਇਸ ਮਾਮਲੇ ਨੂੰ ਬੇਹੱਦ ਸ਼ੱਕੀ ਬਣਾ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਘੁਟਾਲੇ ਨਾਲ ਸਬੰਧਿਤ ਹੁਣ ਤਕ ਲੱਗਭੱਗ 46 ਵਿਅਕਤੀਆਂ ਦੀਆਂ ਗ਼ੈਰ-ਕੁਦਰਤੀ ਢੰਗ ਨਾਲ ਮੌਤਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਮੱਧ ਪ੍ਰਦੇਸ਼ ਦੇ ਰਾਜਪਾਲ ਰਾਮ ਨਰੇਸ਼ ਯਾਦਵ ਦੇ ਬੇਟੇ ਅਤੇ ਇੱਕ ਹੋਰ ਡੀਨ ਵੀ ਸ਼ਾਮਿਲ ਹਨ। ਇਸ ਤੋਂ ਸਾਬਤ ਹੋ ਰਿਹਾ ਹੈ ਕਿ ਦਾਲ ਵਿਚ ਕਾਲਾ ਹੀ ਨਹੀਂ, ਸਾਰੀ ਦਾਲ ਹੀ ਕਾਲੀ ਹੈ।

ਵਿਆਪਮ ਘੁਟਾਲੇ ਦੀ ਜਾਂਚ ਹਾਈ ਕੋਰਟ ਦੇ ਹੁਕਮਾਂ ਤਹਿਤ ਐਸ. ਟੀ. ਐਫ. ਕਰ ਰਹੀ ਹੈ। 1000 ਫਰਜ਼ੀ ਭਰਤੀ ਦੀ ਗੱਲ ਤਾਂ ਖ਼ੁਦ ਸ਼ਿਵਰਾਜ ਸਿੰਘ ਚੌਹਾਨ ਵਿਧਾਨ ਸਭਾ ਵਿੱਚ ਸਵੀਕਾਰ ਕਰ ਚੁੱਕੇ ਹਨ। ਇਸ ਤੋਂ ਇਲਾਵਾ 2008 ਤੋਂ 2010 ਦੇ ਦਰਮਿਆਨ ਸਰਕਾਰੀ ਨੌਕਰੀਆਂ ਨਾਲ ਜੁੜੀਆਂ 10 ਪ੍ਰੀਖਿਆਵਾਂ ਵਿੱਚ ਧਾਂਦਲੀ ਦੇ ਦੋਸ਼ ਹਨ। 55 ਕੇਸ, 2,530 ਦੋਸ਼ੀਆਂ ਅਤੇ 1,980 ਗ੍ਰਿਫ਼ਤਾਰੀਆਂ ਦੇ ਬਾਵਜੂਦ ਇਸ ਖ਼ੂਨੀ ਘੁਟਾਲੇ ਦਾ ਰਹੱਸ ਦਿਨ-ਬ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਮੁੱਖ ਮੰਤਰੀ ਸ਼ਿਵਰਾਜ ਦਾ ਇਸ ਸੰਬੰਧ ਵਿਚ ਕਹਿਣਾ ਹੈ ਕਿ ਸਾਰੀਆਂ ਮੰਦਭਾਗੀ ਘਟਨਾਵਾਂ ਨੂੰ ਵਿਆਪਮ ਜਾਂ ਉਸ ਦੀ ਜਾਂਚ ਨਾਲ ਜੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਦੂਸਰੇ ਪਾਸੇ ਵਿਆਪਮ ਘੁਟਾਲੇ ਦੀ ਜਾਂਚ ਦੀ ਨਿਗਰਾਨੀ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਦਾ ਮੰਨਣਾ ਹੈ ਕਿ ਘੁਟਾਲੇ ਨਾਲ ਜੁੜੇ ਲੋਕਾਂ ਦੀਆਂ ਲੜੀਵਾਰ ਮੌਤਾਂ ਭੇਦਭਰੀਆਂ ਨਹੀਂ ਲਗਦੀਆਂ ਪਰ ਅਸਧਾਰਨ ਹਨ।

ਉਧਰ ਕਾਂਗਰਸ ਨੇ ਕਿਹਾ ਹੈ ਕਿ ਕਥਿਤ 45 ਮੌਤਾਂ ਦੀ ਜ਼ਿੰਮੇਵਾਰੀ ਤੋਂ ਮੁੱਖ ਮੰਤਰੀ ਬਚ ਨਹੀਂ ਸਕਦੇ। ਕਾਂਗਰਸ ਵੱਲੋਂ ਇਸ ਘੁਟਾਲੇ ਵਿੱਚ ਮੱਧ ਪ੍ਰਦੇਸ ਦੇ ਰਾਜਪਾਲ ਰਾਮ ਨਰੇਸ਼ ਯਾਦਵ, ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਉਨ੍ਹਾਂ ਦੀ ਪਤਨੀ ਸਮੇਤ ਹੋਰ ਕਈ ਸਿਆਸੀ ਅਤੇ ਪ੍ਰਸ਼ਾਸਕੀ ਵਿਅਕਤੀਆਂ ਦੇ ਸ਼ਾਮਲ ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ ਭਾਵੇਂ ਕਿ ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ।

ਵਿਆਪਕ ਘੁਟਾਲੇ ਦਾ ਇਤਿਹਾਸ

ਵਿਆਪਮ ਘੁਟਾਲੇ ਦੀ ਸ਼ੁਰੂਆਤ ਸਾਲ 2007 ਤੋਂ ਹੋਈ ਮੰਨੀ ਜਾਂਦੀ ਹੈ ਪਰ ਇਹ ਮਾਮਲਾ 2013 ਵਿੱਚ ਸਾਹਮਣੇ ਆਇਆ। ਅਗਸਤ 2013 ਵਿੱਚ ਇਸ ਘੁਟਾਲੇ ਦੀ ਜਾਂਚ ਮੱਧ ਪ੍ਰਦੇਸ਼ ਪੁਲੀਸ ਦੀ ਇੱਕ ਸਪੈਸ਼ਲ ਟਾਸਕ ਫੋਰਸ ਵੱਲੋਂ ਸ਼ੁਰੂ ਕੀਤੀ ਗਈ, ਜਿਸ ਦੀ ਨਿਗਰਾਨੀ ਲਈ ਮੱਧ ਪ੍ਰਦੇਸ਼ ਹਾਈ ਕੋਰਟ ਨੇ ਸਾਬਕਾ ਜੱਜ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਹੈ। ਵਿਆਪਮ ਦੁਆਰਾ 2008 ਤੋਂ 2013 ਤਕ 39 ਲੱਖ ਦੇ ਲਗਪਗ ਵਿਦਿਆਰਥੀਆਂ ਅਤੇ ਨੌਕਰੀਆਂ ਦੇ ਚਾਹਵਾਨ ਵਿਅਕਤੀਆਂ ਦਾ ਟੈਸਟ ਲਿਆ ਗਿਆ ਜਿਸ ਵਿੱਚ 2000 ਕਰੋੜ ਤੋਂ ਵੱਧ ਦਾ ਘੁਟਾਲਾ ਹੋਇਆ ਦੱਸਿਆ ਜਾਂਦਾ ਹੈ।

### ਮੰਤਰੀ ਤੇ ਅਫ਼ਸਰ ਘਿਰੇ

ਜਾਣਕਾਰੀ ਅਨੁਸਾਰ ਇਸ ਮੰਡਲ ਦੇ ਮੈਂਬਰ ਤੇ ਅਧਿਕਾਰੀ ਸਿਆਸੀ ਨੇਤਾ ਵੱਲੋਂ ਅਤੇ ਸੂਬੇ ਦੀ ਉੱਚ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਲਗਾਤਾਰ ਛੇ ਸਾਲ ਇੰਨੇ ਵੱਡੇ ਘੁਟਾਲੇ ਨੂੰ ਅੰਜ਼ਾਮ ਦਿੰਦੇ ਰਹੇ। ਇਸ ਘੁਟਾਲੇ ਦਾ ਪਰਦਾਫਾਸ਼ ਹੋ ਜਾਣ ਨਾਲ 2007 ਤੋਂ ਲੈ ਕੇ 2013 ਤਕ ਦੇ ਵਿਆਪਮ ਦੇ ਟੈਸਟਾਂ ਰਾਹੀਂ ਵੱਖ ਵੱਖ ਕੋਰਸਾਂ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਅਤੇ ਨੌਕਰੀ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੇ ਭਵਿੱਖ 'ਤੇ ਵੀ ਪ੍ਰਸ਼ਨਚਿੰਨ ਲੱਗਿਆ ਦਿਖਾਈ ਦੇ ਰਿਹਾ ਹੈ।

ਇਸ ਬੋਰਡ ਵੱਲੋਂ ਭਰਤੀ ਵਾਸਤੇ ਇੱਕ ਟੈੱਸਟ ਲਿਆ ਗਿਆ ਜਿਸ ਵਿੱਚ ਭਾਰੀ ਰਿਸ਼ਵਤ ਲੈ ਕੇ ਫਰਜ਼ੀ ਪ੍ਰੀਖਿਆਰਥੀ ਬਿਠਾਏ ਗਏ। ਕਈਆਂ ਦੇ ਗੁਪਤ ਢੰਗ ਨਾਲ ਪੇਪਰ ਕਰਵਾਏ ਗਏ। ਜਦੋਂ ਲੋਕਾਂ ਦੇ ਦਬਾਅ ਹੇਠ ਜਾਂਚ ਅੱਗੇ ਵਧੀ ਤਾਂ ਰਾਜ ਦੇ ਮੁੱਖ ਮੰਤਰੀ, ਉਸ ਦੇ ਪਰਿਵਾਰ ਦੇ ਜੀਆਂ ਅਤੇ ਰਾਜ ਦੇ ਗਵਰਨਰ ਤੱਕ ਵੀ ਗੱਲ ਪਹੁੰਚ ਗਈ।

### ਭਾਰਤ 'ਚ ਵਾਪਰੇ ਘੁਟਾਲੇ

ਇੱਥੇ ਜ਼ਿਕਰਯੋਗ ਹੈ ਕਿ ਭਾਰਤ ਵਿੱਚ ਹੋਏ ਸਕੈਮ ਯਾਨੀ ਘੁਟਾਲਿਆਂ ਦੀ ਕੋਈ ਘਾਟ ਨਹੀਂ ਹੈ। ਅਜ਼ਾਦੀ ਤੋਂ ਲੈ ਕੇ ਹੁਣ ਤੱਕ ਕਈ ਵੱਡੇ-ਵੱਡੇ

ਘੁਟਾਲੇ ਹੋਏ। ਕਦੇ ਬੋਫੋਰਸ ਤਾਂ ਕਦੇ 2-ਜੀ ਘੁਟਾਲਾ... ਕਦੇ ਕੋਲ ਬਲਾਕ ਵੰਡ ਘੁਟਾਲਾ ਤੇ ਕਦੇ ਸੀਡਬਲਿਊਜੀ ਪੈਟਰੋਲ ਪੰਪ ਘੁਟਾਲਾ, ਕਾਰਗਿਲ ਤਾਬੂਤ ਘੁਟਾਲਾ... ਇੱਕ-ਇੱਕ ਕਰਕੇ ਹੌਲੀ-ਹੌਲੀ ਸਾਰੇ ਘੁਟਾਲੇ ਕਿਸੇ ਨਾ ਕਿਸੇ ਢੰਗ ਨਾਲ ਲੋਕਾਂ ਦੇ ਸਾਹਮਣੇ ਆਉਂਦੇ ਰਹੇ, ਪਰ ਕਿਸੇ ਵੱਡੇ ਨੇਤਾ ਜਾਂ ਅਧਿਕਾਰੀ ਨੂੰ ਹਾਲੇ ਤੱਕ ਸਜ਼ਾ ਨਹੀਂ ਹੋਈ। ਗਵਾਹ ਚੁੱਪ ਕਰਾ ਦਿੱਤੇ ਗਏ, ਸਬੂਤ ਮਿਟਾ ਦਿੱਤੇ ਗਏ ਅਤੇ ਸਮੇਂ ਨਾਲ ਲੋਕ ਭੁੱਲ ਗਏ। ਹੁਣ ਭਾਰਤ ਵਿੱਚ ਸਭ ਤੋਂ ਖ਼ਤਰਨਾਕ ਖ਼ੂਨੀ ਘੁਟਾਲਾ ਵਿਆਪਮ ਵਾਪਰਿਆ ਹੈ। ਮੱਧ ਪ੍ਰਦੇਸ਼ ਦੇ ਰਾਜਪਾਲ ਤੋਂ ਲੈ ਕੇ ਮੁੱਖ ਮੰਤਰੀ, ਮੰਤਰੀ ਅਤੇ ਸਾਰੇ ਅਧਿਕਾਰੀ ਇੱਕ-ਇੱਕ ਕਰਕੇ ਸਾਰੇ ਸ਼ੱਕ ਦੇ ਘੇਰੇ ਵਿੱਚ ਆਉਂਦੇ ਜਾ ਰਹੇ ਹਨ... ਨਿਰਦੋਸ਼ ਆਪਣੀ ਜਾਨ ਗੁਆ ਰਹੇ ਹਨ ਅਤੇ ਅਸਲ ਦੋਸ਼ੀਆਂ ਦਾ ਹਾਲੇ ਤੱਕ ਪਰਦਾਫਾਸ਼ ਨਹੀਂ ਹੋਇਆ।

**ਕਿਵੇਂ ਵਾਪਰਿਆ ਵਿਆਪਮ ਘੁਟਾਲਾ**

ਮੱਧ ਪ੍ਰਦੇਸ਼ ਵਿੱਚ ਜਦੋਂ ਲਕਸ਼ਮੀਕਾਂਤ ਸ਼ਰਮਾ ਸਿੱਖਿਆ ਮੰਤਰੀ ਸਨ, ਤਾਂ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਵਿਵਸਾਇਕ ਪ੍ਰੀਖਿਆ ਮੰਡਲ ਆ ਗਿਆ। 'ਵਿਆਪਮ' ਦਰਅਸਲ ਮੱਧ ਪ੍ਰਦੇਸ਼ ਸਰਕਾਰ ਦਾ ਨਾਂ ਹੈ ਜਿਹੜਾ ਸੂਬੇ ਦੇ ਮੈਡੀਕਲ, ਡੈਂਟਲ ਅਤੇ ਇੰਜਨੀਅਰਿੰਗ ਕਾਲਜਾਂ ਦੇ ਦਾਖ਼ਲਾ ਟੈਸਟਾਂ ਤੋਂ ਇਲਾਵਾ ਪੁਲੀਸ ਅਧਿਆਪਕਾਂ ਅਤੇ ਬੈਂਕ ਕਰਮਚਾਰੀਆਂ ਆਦਿ ਦੀ ਭਰਤੀ ਲਈ ਇਮਤਿਹਾਨ ਕਰਵਾਉਂਦਾ ਹੈ। ਸਿੱਖਿਆ ਮੰਤਰੀ ਸ਼ਰਮਾ ਨੇ ਓਪੀ ਸ਼ੁਕਲਾ ਨੂੰ ਆਪਣਾ ਓਐਸਡੀ ਤਾਇਨਾਤ ਕੀਤਾ, ਜਦਕਿ ਉਨ੍ਹਾਂ ਦੇ ਖ਼ਿਲਾਫ਼ ਲੋਕ ਕਮਿਸ਼ਨ ਵਿੱਚ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਦਰਜ ਸੀ। ਸ਼ਰਮਾ ਦੇ ਕਹਿਣ 'ਤੇ ਸਿੱਖਿਆ ਵਿਭਾਗ ਵਿੱਚ ਤਾਇਨਾਤ ਪੰਕਜ ਤ੍ਰਿਵੇਦੀ ਨੂੰ ਵਿਆਪਮ ਦਾ ਕੰਟਰੋਲਰ ਬਣਾ ਦਿੱਤਾ ਗਿਆ। ਤ੍ਰਿਵੇਦੀ ਨੇ ਆਪਣੇ ਨੇੜਲੇ ਨਿਤਿਨ ਮਹਿੰਦਰਾ ਨੂੰ ਵਿਆਪਮ ਦੇ ਆਨਲਾਈਨ ਵਿਭਾਗ ਦਾ ਹੈੱਡ ਅਰਥਾਤ ਸਿਸਟਮ ਐਨਾਲਿਸਟ ਬਣਾਇਆ। ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਦੇ ਦਾਖਲੇ ਦਾ ਸਿੱਧਾ ਜ਼ਿੰਮਾ ਉੱਚ ਸਿੱਖਿਆ ਮੰਤਰਾਲੇ ਕੋਲ ਸੀ। ਸਰਕਾਰੀ ਨੌਕਰੀ ਵਿੱਚ ਭਰਤੀ ਦੀਆਂ ਪ੍ਰੀਖਿਆਵਾਂ ਵੀ ਇਸੇ ਵਿਭਾਗ ਰਾਹੀਂ ਕਰਵਾਈਆਂ ਜਾਂਦੀਆਂ ਸਨ। ਇਹ ਵੀ ਦੋਸ਼ ਹਨ ਲਕਸ਼ਮੀਕਾਂਤ ਸ਼ਰਮਾ ਨੇ ਰਾਜਸੀ ਸ਼ਕਤੀ ਦੀ ਵਰਤੋਂ ਕਰਦਿਆਂ ਦੂਜੀਆਂ ਭਰਤੀਆਂ ਵਿੱਚ ਵੀ ਦਖ਼ਲ ਦਿੱਤਾ। ਇਸ ਘੁਟਾਲੇ ਦੀ ਜਾਂਚ ਦੌਰਾਨ ਛਾਪੇਮਾਰੀ ਵਿਚ ਇੰਦੌਰ ਦੇ ਜਗਦੀਸ਼ ਸਾਗਰ ਦਾ ਨਾਂ ਆਇਆ। 7 ਜੁਲਾਈ, 2013 ਨੂੰ ਇੰਦੌਰ ਵਿੱਚ ਪੀਐਮਟੀ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਕੁਝ ਵਿਦਿਆਰਥੀ ਫਰਜ਼ੀ ਨਾਂ 'ਤੇ ਪ੍ਰੀਖਿਆ ਦਿੰਦੇ ਫੜੇ ਗਏ। ਵਿਦਿਆਰਥੀਆਂ ਤੋਂ ਪੁੱਛਗਿੱਛ ਦੌਰਾਨ ਡਾ. ਜਗਦੀਸ਼ ਸਾਗਰ ਦਾ ਨਾਂ ਸਾਹਮਣੇ ਆਇਆ। ਸਾਗਰ ਨੂੰ ਪੀਐਮਟੀ ਘੁਟਾਲੇ ਦਾ ਮੁਖੀ ਦੱਸਿਆ ਗਿਆ।

ਮੈਡੀਕਲ ਪ੍ਰਵੇਸ਼ ਪ੍ਰੀਖਿਆ ਵਿੱਚ ਧਾਂਦਲੀ ਕਰਕੇ ਜਗਦੀਸ਼ ਸਾਗਰ ਨੇ ਕਰੋੜਾਂ ਦੀ ਜਾਇਦਾਦ ਖੜ੍ਹੀ ਕਰ ਲਈ ਸੀ। ਜਗਦੀਸ਼ ਸਾਗਰ ਦੇ ਇੱਥੇ ਛਾਪੇਮਾਰੀ ਦੌਰਾਨ ਗੱਦਿਆਂ ਦੇ ਅੰਦਰ 13 ਲੱਖ ਦੀ ਨਕਦੀ, ਕਈ ਜਾਇਦਾਦਾਂ ਅਤੇ ਤਕਰੀਬਨ 4 ਕਿਲੋ ਸੋਨੇ ਦੇ ਗਹਿਣੇ ਮਿਲੇ ਸਨ। ਸਾਗਰ ਤੋਂ ਐਸਟੀਐਫ ਦੀ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਕਿ ਇਹ ਏਨਾ ਵੱਡਾ ਨੈੱਟਵਰਕ ਹੈ, ਜਿਸ ਵਿੱਚ ਮੰਤਰੀ ਤੋਂ ਲੈ ਕੇ ਅਧਿਕਾਰੀ ਅਤੇ ਦਲਾਲਾਂ ਦਾ ਪੂਰਾ ਗਿਰੋਹ ਕੰਮ ਕਰ ਰਿਹਾ ਹੈ। ਸਾਗਰ ਵੀ ਮੋਟੀ ਰਕਮ ਲੈ ਕੇ ਫਰਜ਼ੀ ਢੰਗ ਨਾਲ ਵੱਡੇ ਮੈਡੀਕਲ ਕਾਲਜਾਂ ਵਿੱਚ ਵਿਦਿਆਰਥਣਾਂ ਨੂੰ ਦਾਖ਼ਲੇ ਦਿਵਾ ਰਿਹਾ ਸੀ। ਜਗਦੀਸ਼ ਸਾਗਰ ਦੀ ਗਵਾਹੀ ਇਸ ਪੂਰੇ ਘੁਟਾਲੇ ਵਿੱਚ ਅਹਿਮ ਸਾਬਤ ਹੋਈ।

ਇਸ ਪੂਰੇ ਮਾਮਲੇ ਵਿੱਚ ਮੁੱਖ ਮੰਤਰੀ ਦਾ ਸਾਬਕਾ ਓਐਸਡੀ ਵੀ ਜਾਂਚ ਦੇ ਘੇਰੇ ਵਿੱਚ ਹੈ। ਪੀਐਮਟੀ ਘੁਟਾਲੇ ਵਿੱਚ ਅਰਵਿੰਦੋ ਮੈਡੀਕਲ ਕਾਲਜ ਦੇ ਚੇਅਰਮੈਨ ਡਾ. ਵਿਨੋਦ ਭੰਡਾਰੀ ਅਤੇ ਵਿਆਪਮ ਦੇ ਪ੍ਰੀਖਿਆ ਕੰਟਰੋਲਰ ਡਾ. ਪੰਕਜ ਤ੍ਰਿਵੇਦੀ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਪਰ ਸੁਆਲ ਤਾਂ ਇਹ ਹੈ ਕਿ ਏਨਾ ਵੱਡਾ ਘੁਟਾਲਾ ਹੋ ਗਿਆ, ਕਈ ਗਵਾਹਾਂ ਦੀਆਂ ਮੌਤਾਂ ਹੋ ਗਈਆਂ, ਪਰ ਇਸ ਘੁਟਾਲੇ ਦਾ ਮੁੱਖ ਦੋਸ਼ੀ ਕੌਣ ਹੈ, ਉਹ ਹਾਲੇ ਤੱਕ ਸਾਹਮਣੇ ਕਿਉਂ ਨਹੀਂ ਆ ਰਿਹਾ। ਅਜਿਹੇ ਸੁਆਲ ਭਾਰਤੀ ਲੋਕਤੰਤਰ ਤੇ ਕਾਨੂੰਨ ਦੇ ਅਕਸ ਧੁੰਦਲਾ ਕਰ ਰਹੇ ਹਨ।

**ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ**

## ਸਕੇਪ ਪੰਜਾਬ ਦੇ ਸਹਿਯੋਗੀ


ਡਾ. ਜੋਗਾ ਸਿੰਘ
ਪੰਜਾਬੀ ਯੂਨਿਵਰਸਿਟੀ


ਚਰਨਜੀਤ ਪੰਨੂ
ਅਮਰੀਕਾ


ਰਵੇਲ ਸਿੰਘ
ਇਟਲੀ


ਅਮਰਜੀਤ ਸਿੰਘ
ਸ੍ਰੀ ਗੂ. ਗ੍ਰੰ. ਸ. ਯੂਨੀ.


ਅਮਨਦੀਪ ਸਿੰਘ
ਅਮਰੀਕਾ


ਵਰਿੰਦਰ ਕੰਬੋਜ
ਅਧਿਆਪਕ ਆਗੂ

## ਗ਼ਲਤ-ਮਲਤ ਜ਼ਿੰਦਗੀ

### ਕਹਾਣੀ

(ਜ਼ਿੰਦਗੀ ਦਾ ਫ਼ਲਸਫ਼ਾ)




ਮੌਸਮ ਹੁੰਮਸ ਭਰਿਆ ਹੈ, ਐ...ਨ ਤੂਫ਼ਾਨ ਆਉਣ ਤੋਂ ਪਹਿਲਾਂ ਵਰਗੀ ਸ਼ਾਂਤੀ। ਪਰ ਮੈਂ ਉਸਦੇ ਘਰ ਅੱਜ ਤੂਫ਼ਾਨ ਜ਼ਰੂਰ ਲਿਆ ਦੇਣਾ ਹੈ। ਉਸ ਨੇ ਮੈਨੂੰ ਸਮਝਿਆ ਕੀ ਹੈ? ਮੈਂ ਐਨਾ ਵੀ ਗਿਆ-ਗੁਜ਼ਰਿਆ ਨਹੀਂ ਹੋਇਆ ਕਿ ਆਪਣਾ ਹੱਕ ਖੁਹਾ ਕੇ ਅਜੇ ਵੀ ਚੁੱਪ ਬੈਠਾ ਰਹਾਂਗਾ। ਮੈਂ ਵੀ ਉਸਨੂੰ ਅੱਜ ਦਿਖਾ ਦੇਣੈ, ਜੇ ਤੂੰ ਮੇਰੇ ਨਾਲ ਐਨੀਆਂ ਕਰ ਸਕਦੈ ਤਾਂ ਬਾਣੀਏ ਦੇ ਮੈਂ ਵੀ ਨਹੀਂ ਜੰਮਿਆ। ਧਿਆ ਲੈ ਅੱਜ ਜਿਹੜੇ ਭਗਵਾਨ ਨੂੰ ਧਿਆਉਣੈ....! ਮੰਨ ਲੈ ਜਿਹੜੀਆਂ ਮਨੌਤਾਂ ਮੰਨਣੀਆਂ ਨੇ....!

''ਮੈਂ ਕਿਹਾ ਸੁਣ ਲਓ! ਮੈਂ ਕਦੋਂ ਦੀ ਬੋਲ ਮਾਰੀ ਜਾਨੀ ਆਂ।'' ਮੇਰੀ ਪਤਨੀ ਰਸੋਈ 'ਚ ਰੋਟੀਆਂ ਲਾਹੁੰਦੀ ਹਟ ਕੇ ਮੇਰੇ ਸਿਰ 'ਤੇ ਆ ਖੜੀ ਹੈ। ਮੈਂ ਤ੍ਰਬਕ ਕੇ ਉਸ ਵੱਲ ਵੇਖਦਾ ਹਾਂ ਜਿਵੇਂ ਕਈ ਸਾਲਾਂ ਤੋਂ ਵਿਛੜੀ ਨੂੰ ਮਸਾਂ ਮਸਾਂ ਪਹਿਚਾਣ ਰਿਹਾ ਹੋਵਾਂ।

''ਬਾਹਰ ਮੁੰਡਾ ਰੋਈ ਜਾਂਦੈ ਉਹਨੂੰ ਦੇਖ ਲੋ ਜਾ ਕੇ, ਮੈਂ ਰੋਟੀਆਂ ਲੱਗ ਰਹੀ ਆਂ।'' ਪਤਨੀ ਮੇਰੇ ਵੱਲ ਵੱਖਰੀ ਜਿਹੀ ਤਰ੍ਹਾਂ ਵੇਖਦੀ ਮੁੜ ਰਸੋਈ ਵਿੱਚ ਜਾ ਵੜਦੀ ਹੈ।

ਮੈਂ ਬਾਹਰੋਂ ਆਪਣੇ ਤਿੰਨ ਸਾਲ ਦੇ ਮੁੰਡੇ ਨੂੰ ਚੁੱਕ ਅੰਦਰ ਕਮਰੇ ਵਿੱਚ ਆ ਗਿਆ ਹਾਂ। ਥੋੜ੍ਹੀ ਦੇਰ ਬਾਅਦ ਪਤਨੀ ਗਿੱਲੇ ਹੱਥ ਤੌਲੀਏ ਨਾਲ ਪੂੰਝਦੀ ਅੰਦਰ ਆ ਜਾਂਦੀ ਹੈ।

''ਥੋਡੀ ਝਾਕਣੀ ਅੱਜ ਕਿਮੇਂ ਓਪਰੀ ਓਪਰੀ ਜੀ ਲੱਗ ਰਹੀ ਐ?'' ਪਤਨੀ ਮੇਰੀਆਂ ਅੱਖਾਂ ਵਿੱਚ ਵੇਖਦੀ, ਮੇਰੀ ਅੰਦਰਲੀ ਉਥਲ-ਪੁਥਲ ਨੂੰ ਫੜਨ ਦੀ ਕੋਸ਼ਿਸ਼ ਕਰਦੀ ਹੈ।

''ਨਾਂਹ ਤੈਨੂੰ ਊਈਂ ਵਹਿਮ ਐ।'' ਮੈਂ ਆਪਣੇ ਆਲੇ-ਦੁਆਲੇ ਝੂਠ ਦੀ ਦੀਵਾਰ ਚਿਣਦਾ ਹਾਂ ਤਾਂ ਕਿ ਉਹ ਮੇਰੇ ਅੰਦਰ ਪ੍ਰਵੇਸ਼ ਨਾ ਕਰ ਜਾਵੇ।

''ਰੋਟੀ ਲਿਆਮਾਂ?'' ਪਤਨੀ ਪੁੱਛਦੀ ਹੈ।

''ਹੈਂ! ਹਾਂ....।'' ਮੈਂ ਆਪਣੇ ਅੰਦਰਲੇ ਸਮੁੰਦਰ 'ਚ ਤਿਲਕਦਾ ਤਿਲਕਦਾ ਮੁੜ ਪਰਤ ਕੇ ਉਸ ਨੂੰ 'ਹਾਂ' ਕਰ ਦਿੰਦਾ ਹਾਂ ਤੇ ਮੁੜ ਉਸੇ ਸਮੁੰਦਰ ਵਿੱਚ ਟੁੱਭੀ ਮਾਰ ਜਾਂਦਾ ਹਾਂ।

--0--

'ਕਦੇ ਮਾਂ ਵੀ ਐਨੀ ਨਿਰਮੋਹੀ ਬਣ ਜਾਵੇਗੀ?' ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਪਰ ਜੇ ਕਦੇ ਇਹ ਸੱਚ ਹੋ ਜਾਵੇ ਤਾਂ....? ਤਾਂ ਬੰਦੇ ਅੰਦਰ ਅਜਿਹੇ ਝੱਖੜ ਝੂਲਦੇ ਹਨ ਕਿ ਜਿੱਥੋਂ ਦੀ ਇਹ ਲੰਘ ਜਾਣ ਸਭ ਕੁਝ ਪਲਾਂ ਵਿੱਚ ਤਹਿਸ-ਨਹਿਸ!

ਮਾਂ ਨੂੰ ਤਾਂ ਮੈਂ ਦੂਜਾ ਨਹੀਂ ਪਹਿਲਾ ਰੱਬ ਮੰਨਦਾ ਸੀ। ਫੇਰ ਉਸ ਨੂੰ ਕੀ ਮਜਬੂਰੀ ਆ ਪਈ ਸੀ ਕਿ ਉਸ ਨੇ ਮੇਰਾ ਮਾਸ ਵੱਢ ਕੇ ਦੂਜੇ ਨੂੰ ਖਵਾ ਦਿੱਤਾ? ਜਦ ਮੈਨੂੰ ਪਤਾ ਲੱਗਿਆ ਤਾਂ ਮੈਂ ਜਿਉਂਦਾ ਹੀ ਮਰ ਗਿਆ ਸੀ। ਮਾਂ ਨੇ ਮਾਰ ਦਿੱਤਾ ਸੀ। ਮਾਂ ਨੇ ਆਪਣੇ ਹਿੱਸੇ ਦੀ ਸਾਰੀ ਜ਼ਮੀਨ ਵੱਡੇ ਦੇ ਨਾਮ ਲਗਵਾ ਦਿੱਤੀ। ਮੈਂ ਰਿਸ਼ਤੇਦਾਰ ਵੀ ਵਥੇਰੇ ਬੁਲਾਏ ਪਰ ਉਸ ਨੇ ਕਿਸੇ ਦੀ ਨਾ ਮੰਨੀ। ਉਲਟਾ ਮੇਰਾ ਭਰਾ ਮੈਨੂੰ ਮਾਰਨ ਆਇਆ।

ਪਤਨੀ ਨੇ ਤਾਂ ਮੈਨੂੰ ਪਹਿਲਾਂ ਵਥੇਰਾ ਸਮਝਾਇਆ ਸੀ, ''ਇਹ ਕਾਲ਼ਾ ਨਾਗ ਐ, ਕਾਲ਼ਾ ਨਾਗ! ਇਹਨੂੰ ਦੁੱਧ ਨਾ ਪਿਲਾ, ਇੱਕ ਦਿਨ ਤੈਨੂੰ ਈ ਡੰਗੂ।''

''ਲੈ ਹੈਂ ਬੌਲ਼ੀ! ਖ਼ੂਨ ਦੇ ਰਿਸ਼ਤੇ ਐ ਕਦੇ ਟੁੱਟਦੇ ਨੇ।'' ਮੈਨੂੰ ਉਸਦੀਆਂ ਗੱਲਾਂ ਭੈੜੀਆਂ ਲਗਦੀਆਂ।

''ਤੂੰ ਤਾਂ ਸੱਤਜੁਗ ਦੀਆਂ ਗੱਲਾਂ ਕਰਦੈਂ। ਹੁਣ ਪਹਿਲਾਂ ਦੇ ਸਮੇਂ ਆਲ਼ਾ ਖ਼ੂਨ ਨੀ ਰਿਹਾ।'' ਉਹ ਸਮਾਜ ਦੇ ਅਜੋਕੇ ਸੱਚ ਦਾ ਸ਼ੀਸ਼ਾ ਮੈਨੂੰ ਦਿਖਾਉਣ ਦੀ ਕੋਸ਼ਿਸ਼ ਕਰਦੀ ਪਰ ਮੈਂ ਅੱਖਾਂ ਮੀਟ ਲੈਂਦਾ।

ਪਰ ਜਦ ਜ਼ਮੀਨ ਵੱਡੇ ਦੇ ਨਾਂ ਲੱਗ ਗਈ ਤਾਂ ਮੇਰੀਆਂ ਅੱਖਾਂ, ਮੂੰਹ, ਕੰਨ ਸਭ ਕੁਝ ਖੁੱਲ੍ਹ ਗਿਆ, ਮੁੜ ਬੰਦ ਨਾ ਹੋਇਆ।

ਮੈਨੂੰ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਮੇਰੇ ਨਾਲ ਕੀਤੀਆਂ ਵਧੀਕੀਆਂ ਇਸ ਅਣਹੋਣੀ ਲਈ ਉਨ੍ਹਾਂ ਦਾ ਅਭਿਆਸ ਲੱਗੀਆਂ। ਜੇ ਮੈਂ ਪਹਿਲਾਂ ਹੀ ਸੁਚੇਤ ਹੋ ਜਾਂਦਾ ਤਾਂ....!

ਪਹਿਲੀ ਵਾਰ ਵੱਡੇ ਨੇ ਮੇਰੇ ਨਾਲ ਓਦੋਂ ਕੀਤੀ ਜਦ ਮੈਂ ਕਿਸੇ ਦੋਸਤ ਕੋਲ ਤਿੰਨ-ਚਾਰ ਦਿਨਾਂ ਲਈ ਬਾਹਰ ਗਿਆ ਸੀ। ਮੈਨੂੰ ਪਿੰਡੋਂ ਮਾਮੇ ਦਾ ਫੋਨ ਆਇਆ, ''ਮੱਖਣ ਅੱਡ ਹੁੰਦੈ। ਕਹਿੰਦੈ, ਧਿਆ ਹੋਇਆ ਘਰ ਮੈਂ ਲੈਣੈ। ਹੁਣ ਕਿਮੇਂ ਕਰੀਏ?''

''ਮਾਮਾ ਜੀ ਅਜੇ ਉਸ ਨੂੰ ਅੱਡ ਹੋਣ ਨੂੰ ਕੀ ਹੋਇਆ ਸੀ? ਤਿੰਨ ਮਹੀਨੇ ਤਾਂ ਵਿਆਹ ਨੂੰ ਹੋਏ ਨੇ।''

''ਅਸੀਂ ਤਾਂ ਬਥੇਰਾ ਸਮਝਾ ਕੇ ਦੇਖ ਲਿਆ, ਮੰਨਦਾ ਤਾਂ ਹੈ ਨੀ ਕਿਸੇ ਦੀ।''

''ਚਲ ਐ ਕਰੋ ਫੇਰ, ਜੇ ਨਹੀਂ ਮੰਨਦਾ ਤਾਂ ਜਿਹੜਾ ਘਰ ਕਹਿੰਦੈ ਦੇ ਦੋ।'' ਮੈਂ ਬਹੁਤਾ ਬਖੇੜੇ ਵਿੱਚ ਪੈਣਾ ਠੀਕ ਨਾ ਸਮਝਿਆ।

ਜਦ ਮੈਂ ਵਾਪਸ ਪਿੰਡ ਆਇਆ ਤਾਂ ਮਾਂ-ਬਾਪ ਨਾਲ ਮੇਰਾ ਸਮਾਨ ਤੂੜੀ ਵਾਲੇ ਕਮਰੇ ਵਿੱਚ ਪਿਆ ਸੀ। ਫੇਰ ਕਿੰਨੇ ਸਮੇਂ ਵਿੱਚ ਹੌਲੀ ਹੌਲੀ ਮੈਂ ਉਸਨੂੰ ਬੈਠਣ ਜੋਕਰਾ ਕੀਤਾ।

''ਲਓ ਜੀ ਰੋਟੀ।''

''.....।''

''ਰੋਟੀ....! ਕਿੱਥੇ ਖੋਹ ਗਏ?'' ਪਤਨੀ ਨੇ ਮੁਸਕਰਾਉਦਿਆਂ ਕਿਹਾ। ਉਸਦੀ ਮੁਸਕਰਾਹਟ ਪਿੱਛੇ ਛੁਪਿਆ ਵਿਅੰਗ ਮੈਨੂੰ ਪ੍ਰਤੱਖ ਦਿਸ ਗਿਆ। ਮੈਂ ਰੋਟੀ ਖਾਣ ਲੱਗ ਪਿਆ। ਉਹ ਪਤਾ ਨਹੀਂ ਕੀ ਬੋਲਦੀ ਗਈ। ਮੈਨੂੰ ਉਸਦੀ ਕੋਈ ਗੱਲ ਸਮਝ ਨਾ ਆਈ। ਮੈਂ ਬੱਸ ਉਪਰੀ ਜਿਹੀ 'ਹਾਂ-ਹੂੰ' ਕਰਦਾ ਰਿਹਾ। ਮੇਰੇ ਮਨ 'ਚ ਤਾਂ ਉਸਦੀ ਇੱਕੋ ਗੱਲ, ਗੁਲ ਮੇਖ ਵਾਂਗ ਗੱਡੀ ਪਈ ਹੈ, ''ਤੂੰ ਬੰਦਾ ਬਣਾਇਐ ਕਿਸੇ ਨੇ। ਤੂੰ ਤਾਂ ਨਾਮਰਦ ਐ, ਨਾਮਰਦ! ਸ਼ਰੀਕ ਚਾਹੇ ਤੇਰੇ ਸਿਰ 'ਤੇ ਹੱਗ ਜਾਣ। ਤੈਨੂੰ ਫੇਰ ਵੀ ਸੁਰਤ ਨੀ ਆਉਂਦੀ। ਹੁਣ ਜਦੋਂ ਓਹੋ ਆਪਣੇ ਹਿੱਸੇ ਦੀ ਜ਼ਮੀਨ ਵੀ ਲੈ ਗਿਆ ਫੇਰ ਏਦੂੰ ਉੱਤੇ ਕੀ ਹੋਊ? ਹੁਣ ਆਪ ਤਾਂ ਮਰੇ ਈ ਪਏ ਆਂ, ਸ਼ਰੀਕ ਤਾਂ ਨਾ ਸਿਰ ਉੱਚਾ ਚੱਕ ਕੇ ਤੁਰ ਲੇ ਪਰ ਤੇਰੇ 'ਤੇ ਮਿੱਟੀ ਦੀ ਢੇਰੀ 'ਤੇ ਕੀ ਅਸਰ ਐ ਇਨ੍ਹਾਂ ਗੱਲਾਂ ਦਾ।''

ਜਦੋਂ ਦੀ ਪਤਨੀ ਨੇ ਇਹ ਗੱਲ ਕਹੀ ਹੈ ਓਦੋਂ ਦੇ ਮੇਰੇ ਅੰਦਰ ਭਾਂਬੜ ਮੱਚਣ ਲੱਗ ਪਏ ਹਨ। ਕ੍ਰੋਧ ਦਾ ਗੋਲ਼ਾ ਮੇਰੇ ਸਿਰ ਨੂੰ ਚੜ੍ਹਨ ਲੱਗਿਆ ਹੈ। ਜੀਅ ਕਰਨ ਲਗਦਾ ਹੈ, ਬੰਬ ਵਾਂਗ ਫਟ ਜਾਵਾਂ। ਆਪ ਤਬਾਹ ਹੋ ਜਾਵਾਂ ਅਤੇ ਆਪਣੇ ਆਲੇ-ਦੁਆਲੇ ਦਾ ਸਭ ਕੁਝ ਤਹਿਸ-ਨਹਿਸ ਕਰ ਦੇਵਾਂ। ਮੈਂ ਆਪਣੀ ਪਤਨੀ ਸਾਹਮਣੇ ਨੀਵਾਂ ਨਹੀਂ ਹੋਣਾ ਚਾਹੁੰਦਾ। ਮੈਂ ਤਾਂ ਹਰ ਬਾਰੀ ਲੰਬੀ ਸੋਚਦਾ ਚੁੱਪ ਕਰਦਾ ਰਿਹਾ ਸੀ ਪਰ ਮੇਰੀ ਇਸੇ ਸੋਚ ਨੇ ਮੈਨੂੰ ਮੇਰੀ ਪਤਨੀ ਅੱਗੇ ਨਾਮਰਦ ਬਣਾ ਦਿੱਤਾ। ਡਰਪੋਕ ਤੇ ਕਮਜ਼ੋਰ। ਹੁਣ ਮੈਂ ਉਸ ਨੂੰ ਵਿਖਾ ਦੇਣਾ ਹੈ, ਤੇਰਾ ਸੁੱਖਾ ਕਮਜ਼ੋਰ ਨਹੀਂ। ਮੈਂ ਆਪਣੀ ਮਰਦਾਨਗੀ ਦੇ ਡਿੱਗ ਰਹੇ ਮੀਨਾਰ ਨੂੰ ਉਸਦੀਆਂ ਅੱਖਾਂ ਅੱਗੇ ਮੁੜ ਉਸਾਰਾਂਗਾ। ਅੱਜ ਤੋਂ ਬਾਅਦ ਉਹ ਮੈਨੂੰ ਕਦੇ ਨਹੀਂ ਕਹੇਗੀ, ''ਤੇਰੇ 'ਚ ਤਾਂ ਭੋਰਾ ਅਣਖ ਨੀ ਹੈ।''

'ਮੇਰੇ 'ਚ ਅਣਖ ਹੈ ਰਾਜੀ। ਕੱਲ੍ਹ ਦਾ ਸੂਰਜ ਤੇਰੇ ਸੁੱਖੇ ਦੀ ਅਣਖ ਦੀ ਗਵਾਹੀ ਲੈ ਕੇ ਚੜ੍ਹੇਗਾ। ਤੂੰ ਦੇਖਦੀ ਜਾਈਂ।' ਮੇਰਾ ਅੰਦਰ ਬੋਲਦਾ ਹੈ।

ਪਤਨੀ ਭਾਂਡੇ ਮਾਂਜ ਕੇ ਮੰਜੇ ਉੱਤੇ ਆ ਬੈਠੀ ਹੈ। ਮੈਂ ਆਉਣ ਵਾਲੇ ਸਮੇਂ ਬਾਰੇ ਉਸ ਦਾ ਮਨ ਪੜ੍ਹਨ ਲਈ ਗੱਲ ਤੋਰਦਾ ਹਾਂ, ''ਜੇ ਮੈਂ ਮਰਜਾਂ ਫੇਰ ਤੂੰ ਕੀ ਕਰੇਂਗੀ?''

''ਲੈ....! ਇਹੇ ਜੀਆਂ ਗੱਲਾਂ ਕਿਉ ਕਰਦੈਂ। ਮਰਨ ਤੇਰੇ ਦੁਸ਼ਮਣ।'' ਪਤਨੀ ਦੇ ਇਸ ਜਵਾਬ 'ਤੇ ਮੈਨੂੰ ਲਗਦਾ ਹੈ ਜਿਵੇਂ ਮੈਂ ਗੱਲ ਬਹੁਤੀ ਕਰੜੀ ਪੁੱਛ ਗਿਆ ਹੋਵਾਂ। ਫਿਰ ਮੈਂ ਗੱਲ ਨੂੰ ਹੋਰ ਨਰਮ ਕਰ ਕੇ ਦੁਹਰਾਉਂਦਾ ਹਾਂ, ''ਜੇ ਮੈਂ ਕਈ ਸਾਲਾਂ ਲਈ ਬਾਹਰ ਬਗਜਾਂ, ਘਰ ਨੂੰ ਤੂੰ 'ਕੱਲੀ ਸਾਂਭਲੇਂ?'' ਮੇਰੀਆਂ ਅੱਖਾਂ ਅੱਗੇ ਜੇਲ੍ਹ ਦਿਸ ਰਹੀ ਸੀ।

''ਬਾਹਰ ਕਿੱਥੇ?'' ਉਹ ਮੇਰੀਆਂ ਬਿਨਾਂ ਸਿਰੋਂ-ਪੈਰੋਂ ਗੱਲਾਂ 'ਤੇ ਹੈਰਾਨ ਹੁੰਦੀ ਹੈ।

''ਨਾਹ, ਮੰਨ ਲਓ ਜੇ ਮੈਂ ਬਗਜਾਂ?''

''ਮੈਨੂੰ ਨੀ ਤੇਰੀ ਕੋਈ ਸਮਝ ਆਉਂਦੀ।'' ਉਹ ਨਰਾਜਗੀ ਜਿਹੀ ਵਿਖਾਉਂਦੀ ਪਾਸਾ ਵੱਟ ਜਾਂਦੀ ਹੈ ਜਿਵੇਂ ਮੈਨੂੰ ਵੇਖ ਕੇ ਆਪਣੇ ਮਨ ਦਾ ਬੂਹਾ ਭੇੜ ਲਿਆ ਹੋਵੇ। ਉਸ ਨੇ ਮੈਨੂੰ ਆਪਣਾ ਮਨ ਪੜ੍ਹਨ ਤੋਂ ਪਹਿਲਾਂ ਹੀ ਦਰਾਂ ਵਿੱਚੋਂ ਵਾਪਸ ਮੋੜ ਦਿੱਤਾ।

ਹੁਣ ਮੈਂ ਉਸਦੇ ਸੌਂ ਜਾਣ ਦਾ ਇੰਤਜ਼ਾਰ ਕਰਦਾ ਹਾਂ। ਉਹ ਮੇਰੇ ਨਾਲ ਕੁਝ ਦੇਰ ਗੱਲਾਂ ਕਰਦੀ ਹੈ ਤੇ ਫਿਰ ਮੁੰਡੇ ਨੂੰ ਦੁੱਧ ਦੇ ਕੇ ਸੌਂ ਜਾਂਦੀ ਹੈ। ਮੈਨੂੰ ਉਸ ਸਮੇਂ ਦੀ ਏਨੀ ਬੇਸਬਰੀ ਹੋ ਰਹੀ ਹੈ ਕਿ ਮੈਂ ਬੀਤ ਰਹੇ ਇਕੱਲੇ ਇਕੱਲੇ ਮਿੰਟ ਨੂੰ ਗਿਣ ਰਿਹਾ ਹਾਂ। ਸਮਾਂ ਕੀੜੀ ਦੀ ਚਾਲ ਤੁਰਦਾ ਮਸਾਂ ਬਾਰਾਂ 'ਤੇ ਪਹੁੰਚਿਆ ਹੈ। ਮੈਂ ਮੱਲਕ ਦੇਣੇ ਚੱਪਲਾਂ ਪਾਉਂਦਾ ਹਾਂ ਤੇ ਅੰਦਰ ਆ ਜਾਂਦਾ ਹਾਂ। ਅਲਮਾਰੀ ਓਹਲਿਓਂ ਕਿਰਚ ਚੁੱਕ ਲਈ ਹੈ। ਉਸ ਨੂੰ ਉਲਟਾ-ਪੁਲਟਾ ਕੇ ਕਿਸੇ ਕੀਮਤੀ ਸ਼ੈਅ ਵਾਂਗ ਨਿਹਾਰਦਾ ਹਾਂ ਤੇ ਫਿਰ ਡੱਬ ਵਿੱਚ ਦੇ ਲੈਂਦਾ ਹਾਂ। ਅਲਮਾਰੀ ਕੋਲੋਂ ਗੁਜ਼ਰਨ ਲਗਦਾ ਹਾਂ ਤਾਂ ਮੈਨੂੰ ਆਦਮ ਕੱਦ ਸ਼ੀਸ਼ੇ ਵਿੱਚੋਂ ਅਪਣਾ ਚਿਹਰਾ ਨਜ਼ਰ ਆਉਂਦਾ ਹੈ। ਇੱਕ ਪਲ ਰੁਕ ਕੇ ਮੈਂ ਸ਼ੀਸ਼ੇ ਵਿੱਚ ਆਪਣਾ ਚਿਹਰਾ ਨਿਹਾਰਦਾ ਹਾਂ। ਮੈਨੂੰ ਆਪਣਾ ਚਿਹਰਾ ਹੀ ਆਪਣਾ ਨਹੀਂ ਲਗਦਾ। ਮੈਂ ਹੋਰ ਨੇੜੇ ਹੁੰਦਾ ਹਾਂ ਤਾਂ ਮੱਥੇ ਵਿੱਚ ਪਿਆ ਟੱਕ ਦਾ ਪੱਕਾ ਨਿਸ਼ਾਨ ਮੈਨੂੰ ਯਕੀਨ ਦਵਾ ਜਾਂਦਾ ਹੈ ਕਿ ਤੂੰ ਸੁੱਖਾ ਹੀ ਹੈ। ਮੈਂ ਨਿਸ਼ਾਨ ਉੱਪਰ ਹੱਥ ਫੇਰਦਾ ਹਾਂ ਜਿਵੇਂ ਉਹ ਦੁਬਾਰਾ ਤਾਜਾ ਹੋ ਗਿਆ ਹੋਵੇ ਤੇ ਉਸ ਵਿੱਚੋਂ ਲਹੂ ਸਿੰਮ ਸਿੰਮ ਮੇਰੇ ਮੂੰਹ ਉੱਤੇ ਘਰਾਲਾਂ ਚੱਲ ਪਈਆਂ ਹੋਣ।

ਉਸ ਦਿਨ ਵੀ ਇਸੇ ਤਰ੍ਹਾਂ ਘਰਾਲਾਂ ਚੱਲੀਆਂ ਸਨ ਜਦ ਕੰਧ ਦੀ ਲੜਾਈ ਪਿੱਛੇ ਵੱਡਾ ਮੇਰੇ ਸੁੱਤੇ ਪਏ ਦੇ ਸਿਰ ਵਿੱਚ ਗੰਡਾਸਾ ਮਾਰ ਗਿਆ ਸੀ। ਉਹ ਆਇਆ ਤਾਂ ਮੈਨੂੰ ਮਾਰਨ ਦੇ ਇਰਾਦੇ ਨਾਲ ਹੀ ਸੀ ਪਰ ਨਿਸ਼ਾਨਾ ਗ਼ਲਤ ਲੱਗਣ ਕਾਰਨ ਮੈਂ ਛੇਤੀ ਨਾਲ ਉੱਠ ਕੇ ਪਰ੍ਹਾਂ ਹੋ ਗਿਆ। ਉਹ ਉਹਨੀਂ ਪੈਰੀਂ ਵਾਪਸ ਦੌੜ ਗਿਆ ਸੀ।

ਇਹ ਨਿਸ਼ਾਨ ਵੇਖ ਕੇ ਮੇਰਾ ਕਰੋਧ ਹੋਰ ਉਬਾਲੀ ਖਾ ਗਿਆ ਹੈ। ਮੈਂ ਬਾਹਰ ਨਿਕਲਦਾ ਹਾਂ। ਰਾਜੀ ਅਤੇ ਜੋਨੀ ਸੁੱਤੇ ਪਏ ਹਨ। ਮੈਂ ਉਹਨਾਂ ਦੇ ਸਿਰਹਾਣੇ ਜਾ ਖੜ੍ਹਿਆ ਹਾਂ। ਜੋਨੀ ਸੁੱਤਾ ਪਿਆ ਹੱਸ ਰਿਹਾ ਹੈ। ਮੈਨੂੰ ਉਸਦੇ ਭੋਲ਼ੇ ਚਿਹਰੇ 'ਤੇ ਤਰਸ ਆਉਂਦਾ ਹੈ। ਫਿਰ ਉਸਦਾ ਹੱਸਦਾ ਚਿਹਰਾ ਮੈਨੂੰ ਰੋਂਦਾ ਮਹਿਸੂਸ ਹੁੰਦਾ ਹੈ। ਉਸਦੇ ਪਾਟੇ, ਮੈਲੇ-ਕੁਚੈਲੇ ਕੱਪੜੇ ਹਨ। ਰਾਜੀ ਦਾ ਵੀ ਇਹੀ ਹਾਲ ਹੈ। ਖਿੱਲਰੇ ਵਾਲ, ਟੁੱਟੀਆਂ ਚੱਪਲਾਂ, ਪੈਰਾਂ 'ਚ ਮੋਟੀਆਂ ਮੋਟੀਆਂ ਬਿਆਈਆਂ। ਚਿਹਰੇ 'ਤੇ ਬਿਆਈਆਂ ਜਿੰਨੀਆਂ ਕਰੂਰ ਝੁਰੜੀਆਂ ਜਿਵੇਂ ਕੋਈ ਭਿਖਾਰਨ ਹੋਵੇ। ਉਹ ਦੋਵੇਂ ਬਾਰ ਵਿੱਚ ਖੜ੍ਹੇ ਮੇਰਾ ਇੰਤਜ਼ਾਰ ਕਰ ਰਹੇ ਹਨ ਪਰ ਮੈਂ ਨਹੀਂ ਆਉਂਦਾ। ਜਦ ਮੈਂ ਵਾਪਸ ਪਰਤਦਾ ਹਾਂ ਓਦੋਂ ਤੱਕ ਉਹ ਖੜ੍ਹੇ ਖੜ੍ਹੇ ਹੀ ਪੱਥਰ ਦੇ ਬੁੱਤਾਂ ਵਿੱਚ ਬਦਲ ਜਾਂਦੇ ਹਨ।

ਰਾਜੀ ਪਾਸਾ ਪਰਤਦੀ ਮੈਨੂੰ ਵਹਿਣਾਂ ਵਿੱਚੋਂ ਬਾਹਰ ਕੱਢ ਲੈਂਦੀ ਹੈ। ਮੈਂ ਜੋਨੀ ਦਾ ਇੱਕ ਵਾਰ ਮੂੰਹ ਚੁੰਮਦਾ ਹਾਂ ਤੇ ਕਿਰਚ ਨੂੰ ਸੰਭਾਲਦਾ ਬਾਹਰ ਨਿਕਲ ਜਾਂਦਾ ਹਾਂ।

ਬਾਹਰ ਫਿਰਨੀ 'ਤੇ ਆਉਂਦਾ ਹਾਂ ਤਾਂ ਅਮਰੂ ਬਾਬੇ ਦੇ ਘਰ ਦਾ ਬਾਹਰਲਾ ਬੱਲਬ ਜਗਦਾ ਦਿਸਦਾ ਹੈ। ਉਸ ਦੇ ਬਾਰ ਅੱਗੇ ਚੌਂਕੜੀ ਸੁੰਨੀ ਪਈ ਹੈ। ਮੈਨੂੰ ਬਾਬੇ ਅਮਰੂ ਦੀ ਗੱਲ ਯਾਦ ਆਉਂਦੀ ਹੈ। ਉਹ ਪਰਸੋਂ ਚੌਂਕੜੀ 'ਤੇ ਬੈਠਾ ਮੇਰੀ ਸੁਣਾਈ ਕਿਸੇ ਘਟਨਾ 'ਤੇ ਟਿੱਪਣੀ ਕਰਦਾ ਜਿਵੇਂ ਮੈਨੂੰ ਸਮਝਾ ਰਿਹਾ ਸੀ, ''ਹੁਣ ਉਹ ਵੇਲੇ ਨੀ ਰਹੇ ਪੁੱਤਰਾ ਸਤ-ਯੁੱਗ ਆਲੇ। ਹੁਣ ਤਾਂ ਸਾਰੀ ਜ਼ਿੰਦਗੀ ਗ਼ਲਤ-ਮਲਤ ਜੀ ਹੋਈ ਪਈ ਐ। ਜਿਵੇਂ ਕਈ ਰੰਗ ਡੁੱਲ ਕੇ 'ਕੱਠੇ ਹੋ ਜਾਣ ਨਾ, ਫੇਰ ਉਨ੍ਹਾਂ ਦੀ ਕੋਈ ਪਹਿਚਾਣ ਨੀ ਰਹਿੰਦੀ। ਅੱਜ ਦੇ ਜਮਾਨੇ ਦੇ ਬੰਦੇ ਵੀ ਬੱਸ ਅਈ ਹੋਏ ਪਏ ਨੇ। ਸਾਨੂੰ ਕੋਈ ਪਤਾ ਨੀ ਲੱਗਦਾ ਆਪਣਾ ਕਿਹੜੈ, ਬਿਗਾਨਾ ਕਿਹੜੈ? ਇਹ ਨੀ ਪਤਾ ਆਵਦਾ ਭਰਾ ਦੁਸ਼ਮਣ ਆਲ਼ਾ ਕੰਮ ਕਰ ਜੇ। ਕੋਈ ਗ਼ੈਰ ਭਰਾਵਾਂ ਨਾਲੋਂ ਵੱਧ ਨਿਕਲ ਜੇ। ਏਸ ਸਮੇਂ 'ਚ ਤਾਂ ਆ ਕੇ ਪੁਰਾਣੀਆਂ ਅਖੌਤਾਂ ਦੇ ਅਰਥ ਵੀ ਸਾਰੇ ਉਲਟ ਹੋ ਗਏ ਸਾਲੇ! ਬੱਸ ਰੱਬ ਭਲੀ ਕਰੇ!'' ਬਾਬੇ ਨੇ ਕਿਲੋਮੀਟਰ ਜਿੱਡਾ ਲੰਬਾ ਸਾਹ ਲਿਆ ਸੀ ਜਿਵੇਂ ਉਹ ਸਾਰੇ ਰਿਸ਼ਤਿਆਂ ਦੀ ਕੁੜੱਤਣ ਨੂੰ ਆਪਣੇ ਅੰਦਰ ਭਰ ਕੇ ਖ਼ਤਮ ਕਰਨੀ ਚਾਹੁੰਦਾ ਹੋਵੇ।

''ਹਾਂ ਬਾਬਾ ਤੇਰੀ ਗੱਲ ਸੌਲ੍ਹਾਂ ਆਨੇ ਸੱਚ ਨਿਕਲੀ।'' ਇਹ ਬੋਲ ਮੇਰੇ ਅੰਦਰੋਂ ਉੱਠੇ ਤੇ ਫਿਰ ਅੰਦਰ ਹੀ ਜ਼ਬਤ ਹੋ ਗਏ।ਮੈਂ ਬਾਬੇ ਅਮਰੂ ਦੇ ਘਰ ਵੱਲ ਵੇਖਦਾ ਅੱਗੇ ਤੁਰ ਪੈਂਦਾ ਹਾਂ। ਪਰ੍ਹਾਂ ਫੰਮਣ ਕੇ ਡੇਰੇ ਵੱਲੋਂ ਆਏ ਦੋ ਕੁੱਤੇ ਮੈਨੂੰ ਭੌਂਕਣ ਲੱਗਦੇ ਹਨ ਪਰ ਮੈਂ ਉਹਨਾਂ ਤੋਂ ਬੇਧਿਆਨਾ ਤੁਰਿਆ ਜਾ ਰਿਹਾ ਹਾਂ। ਅੱਗੇ ਜੀ. ਟੀ. ਰੋਡ 'ਤੇ ਵਾਹਨਾਂ ਦੀਆਂ ਲਾਈਟਾਂ ਉਨ੍ਹਾਂ ਦੀ ਗੂੰਜ ਦੇ ਨਾਲ ਨਾਲ ਭੱਜੀਆਂ ਜਾ ਰਹੀਆਂ ਹਨ। ਮੈਂ ਸੜਕ 'ਤੇ ਆ ਗਿਆ ਹਾਂ। ਸਾਹਮਣੇ ਆ ਰਹੇ ਟਰਾਲੇ ਦੀ ਗੂੰਜ ਸੁਣ ਕੇ ਰੁਕ ਜਾਂਦਾ ਹਾਂ। ਉਹ ਘੌਰੂ ਪਾਉਂਦਾ, ਦਿਓ ਵਾਂਗ ਧਰਤੀ ਹਿਲਾਉਂਦਾ ਲੰਘ ਜਾਂਦਾ ਹੈ। ਉਸ ਦੇ ਲੰਘਣ ਬਾਅਦ ਧਰਤੀ ਮੁੜ ਸ਼ਾਂਤ ਹੋ ਜਾਂਦੀ ਹੈ ਜਿਵੇਂ ਭੁਚਾਲ ਝਟਕੇ ਦੇ ਕੇ ਲੰਘ ਗਿਆ ਹੋਵੇ। ਮੈਂ ਆਲੇ-ਦੁਆਲੇ ਵੇਖਦਾ ਸੜਕ ਪਾਰ ਕਰ ਜਾਂਦਾ ਹਾਂ।

ਮੈਂ ਆਪਣੇ ਖੇਤ ਨੂੰ ਜਾਂਦੀ ਪਹੀ ਪੈ ਗਿਆ ਹਾਂ। ਜੀਰੀਆਂ 'ਚੋਂ ਭੜ੍ਹਦਾਅ ਮਾਰ ਰਹੀ ਹੈ। ਖੇਤਾਂ ਵਿੱਚ ਕੋਠਿਆਂ 'ਤੇ ਲੱਗੇ ਬੱਲਬ ਪਟਬੀਜਣਿਆਂ ਵਾਂਗ ਚਮਕ ਰਹੇ ਹਨ। ਜਿਉ ਜਿਉ ਮੈਂ ਅੱਗੇ ਵੱਧ ਰਿਹਾ ਹਾਂ ਸੜਕ 'ਤੇ ਚਲਦੇ ਵਾਹਨਾਂ ਦੀ ਅਵਾਜ਼ ਕਿਸੇ ਦੇ ਮੂੰਹ 'ਤੇ ਹੱਥ ਰੱਖ ਦੇਣ ਵਾਂਗ ਡੂੰਘੀ ਹੁੰਦੀ ਜਾਂਦੀ ਹੈ। ਮੈਂ ਟਾਈਮ ਵੇਖਦਾ ਹਾਂ, ਇੱਕ ਵੱਜਣ ਵਾਲਾ ਹੈ। ਦੋ ਵਜੇ ਖੇਤਾਂ ਵਾਲੀ ਲਾਈਟ ਨੇ ਚਲੀ ਜਾਣਾ ਹੈ। ਮੱਖਣ ਇੱਕ ਵਜੇ ਕਿਸੇ ਕਿਆਰੇ ਵਿੱਚ ਨੱਕਾ ਕਰਕੇ ਪੈ ਜਾਵੇਗਾ ਤੇ ਫਿਰ ਸਵੇਰੇ ਉੱਠ ਕੇ ਘਰ ਨੂੰ ਜਾਵੇਗਾ। ਜਾਵੇਗਾ ਨਹੀਂ! ਜਾਂਦਾ ਹੁੰਦਾ ਸੀ। ਪਰ ਹੁਣ ਨਹੀਂ ਜਾਵੇਗਾ।

ਮੈਂ ਕੁਝ ਸਮਾਂ ਅਜੇ ਹੋਰ ਲੰਘ ਜਾਣ ਲਈ ਪੱਕੇ ਖਾਲ ਦੀ ਪੁਲੀ 'ਤੇ ਬੈਠ ਜਾਂਦਾ ਹਾਂ ਤੇ ਉਸਦੀ ਮੌਤ ਦੀਆਂ ਘੜੀਆਂ ਗਿਣਨ ਲਗਦਾ ਹਾਂ।

ਮੱਖਣ ਹੁਣ ਤੱਕ ਮੇਰੇ ਉੱਤੇ ਚੜ੍ਹਦਾ ਆਇਆ ਸੀ। ਘਰ ਦੀ ਵੰਡ ਵੇਲੇ ਮੂੰਹ ਪਿਆ ਫੇਰ ਟਰੈਕਟਰ ਦੀ ਵੰਡ ਵੇਲੇ ਤਿੰਗੜ ਕੇ ਖੜ੍ਹ ਗਿਆ। ਮੈਂ 'ਚਲੋ ਭਰਾ ਐ' ਸਮਝ ਕੇ ਉਹ ਵੀ ਛੱਡ ਦਿੱਤਾ। ਫੇਰ ਜ਼ਮੀਨ ਵੀ ਅੱਧ ਦੀ ਵੰਡਾ ਲਈ, ਅਖੇ ਮੈਂ ਤਾਂ ਬਾਪੂ ਹੋਰਾਂ ਨੂੰ ਅੱਧੇ ਕਿੱਲੇ ਦਾ ਠੇਕਾ ਦੇ ਦਿਆ ਕਰੂੰ। ਦੋ ਸਾਲ ਦਿੱਤਾ ਫੇਰ ਠੇਕਾ ਵੀ ਬੰਦ। ਕਹਿੰਦਾ ਜਿੱਧਰ ਕੰਮ ਕਰਦੇ ਨੇ ਉੱਧਰ ਹੀ ਰੋਟੀ ਖਾਣ। ਮੈਂ ਫਿਰ ਮਨ ਸਮਝਾ ਲਿਆ, "ਜੇ ਉਹ ਕਪੁੱਤ ਬਣ ਗਿਆ ਤਾਂ ਮੈਂ ਨਹੀਂ ਬਣਦਾ। ਮੈਂ ਕਰੂੰ ਸਾਰਾ ਖਰਚ ਮਾਂ-ਬਾਪ ਦਾ।"

ਕੋਈ ਸਾਇਕਲ ਵਾਲਾ ਮੇਰੇ ਕੋਲ ਦੀ ਲੰਘਣ ਲੱਗਦਾ ਹੈ ਤਾਂ ਮੈਂ ਨੀਵੀਂ ਪਾ ਲੈਂਦਾ ਹਾਂ ਤਾਂ ਕਿ ਮੈਨੂੰ ਪਹਿਚਾਣ ਨਾ ਲਏ। ਉਸਦੀ ਮੌਤ ਤੋਂ ਬਾਅਦ ਤਾਂ ਮੈਂ ਖ਼ੁਦ ਹੀ ਪ੍ਰਤੱਖ ਹੋ ਜਾਣਾ ਹੈ।

ਮੈਂ ਫੇਰ ਸਮਾਂ ਵੇਖਦਾ ਹਾਂ, ਇੱਕ ਤੋਂ ਟੱਪ ਗਿਆ ਹੈ। ਮੈਂ ਉੱਠ ਕੇ ਤੁਰ ਪੈਂਦਾ ਹਾਂ। ਵੱਡੀ ਪਹੀ ਤੋਂ ਸਾਡੇ ਖੇਤ ਨੂੰ ਮੁੜਦੀ ਪਹੀ ਮੁੜ ਜਾਂਦਾ ਹਾਂ। ਅੱਗੇ ਸਾਡੀ ਜ਼ਮੀਨ ਹੈ, ਪੂਰਾ ਛੇ ਕਿੱਲਿਆਂ ਦਾ ਟੱਕ। ਮੈਂ ਜੀਰੀ 'ਤੇ

ਨਿਗ੍ਹਾ ਮਾਰਦਾ ਹਾਂ। ਮੇਰੇ ਦੋ ਕਿੱਲਿਆਂ ਦੀ ਜੀਰੀ ਮੇਰੇ ਵਾਂਗ ਹੀ ਦਬੂ ਜਿਹੀ ਹੋਈ ਖੜ੍ਹੀ ਹੈ। ਉਸ ਦੇ ਚਾਰ ਕਿੱਲਿਆਂ 'ਚ ਖੜ੍ਹੀ ਫ਼ਸਲ ਮੇਰੀ ਫ਼ਸਲ ਤੋਂ ਦੁੱਗਣੀ ਮੱਲੀ ਹੋਈ ਲਗਦੀ ਹੈ। ਜਿਵੇਂ ਉਹ ਵੀ ਮੱਖਣ ਵਾਂਗ ਹੰਕਾਰੀ ਹੋਈ ਮੇਰੀ ਫ਼ਸਲ ਦੇ ਉੱਪਰੋ ਦੀ ਪੈ ਜਾਣਾ ਚਾਹੁੰਦੀ ਹੋਵੇ। ਮੈਂ ਉੱਧਰੋਂ ਧਿਆਨ ਮੋੜਦਾ ਵੱਟ ਪੈ ਕੇ ਕੋਠੇ ਕੋਲ ਚਲਾ ਜਾਂਦਾ ਹਾਂ।

ਸਾਹਮਣੇ ਮੰਜੇ 'ਤੇ ਉਹ ਪਿਆ ਹੈ। ਕਦੇ ਬਾਪੂ ਦੀ ਲਾਸ਼ ਵੀ ਇੱਥੇ ਹੀ ਪਈ ਸੀ। ਜਦੋਂ ਬਾਪੂ ਰਾਤੀ ਜੀਰੀ 'ਚ ਪਾਣੀ ਪਾਉਣ ਗਿਆ ਸਵੇਰੇ ਮੁੜ ਕੇ ਨਾ ਆਇਆ ਤਾਂ ਮੈਂ ਸਾਇਕਲ ਲੈ ਕੇ ਉਸ ਨੂੰ ਵੇਖਣ ਚਲਾ ਗਿਆ ਸੀ। ਧੁੱਪ ਚੜ੍ਹੀ ਪਈ ਸੀ। ਪਰ ਬਾਪੂ ਅਜੇ ਵੀ ਮੱਛਰਦਾਨੀ ਵਿੱਚ ਇਸ ਤਰ੍ਹਾਂ ਪਿਆ ਸੀ ਜਿਵੇਂ ਉਸ ਲਈ ਅਜੇ ਅੱਧੀ ਰਾਤ ਹੋਵੇ। ਮੈਂ ਨੇੜੇ ਜਾ ਕੇ ਵੇਖਿਆ, ਬਾਪੂ ਦਾ ਚਿਹਰਾ ਮੈਨੂੰ ਬੜਾ ਡਰਾਵਣਾ ਲੱਗਿਆ। ਇੱਕ ਡਰ ਮੇਰੇ ਸਾਰੇ ਸਰੀਰ ਵਿੱਚ ਜ਼ਹਿਰ ਵਾਂਗ ਫੈਲ ਗਿਆ। ਮੈਂ ਮੱਛਰਦਾਨੀ ਲਾਹ ਕੇ ਬਾਪੂ ਨੂੰ ਹਿਲਾਇਆ ਪਰ ਉਹ ਤਾਂ....!

ਮੇਰੀ ਚੀਕ ਨਿਕਲ ਗਈ। ਮੈਨੂੰ ਉੱਚੀ ਉੱਚੀ ਰੋਂਦਾ ਵੇਖ ਕੇ ਬਾਬੇ ਅਮਰੂ ਦਾ ਮੁੰਡਾ ਜਮੇਰ ਮੇਰੇ ਕੋਲ ਆਇਆ। ਭਾਣਾ ਵਰਤਿਆ ਪਿਆ ਸੀ। ਉਸ ਨੇ ਹੀ ਮੈਥੋਂ ਮੋਬਾਇਲ ਲੈ ਕੇ ਮੱਖਣ ਨੂੰ ਫੋਨ ਕੀਤਾ। ਉਹ ਕਈ ਬੰਦਿਆਂ ਨੂੰ ਨਾਲ ਲੈ ਆਇਆ। ਲਾਸ਼ ਘਰ ਲਿਆਂਦੀ ਗਈ।

''ਹੁਣ ਮਿੱਟੀ ਰੋਲਣ ਨਾਲ ਕੀ ਬਣੂਗਾ ਤਾਇਆ। ਆਪਾਂ ਨੂੰ ਸਭ ਦਿਸੀ ਤਾਂ ਜਾਂਦੈ।'' ਜਦੋਂ ਬਾਪੂ ਦੀ ਲਾਸ਼ ਨੂੰ ਡਾਕਟਰ ਦੇ ਲੈ ਕੇ ਜਾਣ ਦੀ ਗੱਲ ਤੁਰੀ ਤਾਂ ਵੱਡੇ ਨੇ ਅੱਖਾਂ ਪੂੰਝਦਿਆਂ, ਘੱਗੀ ਜਿਹੀ ਅਵਾਜ਼ ਵਿੱਚ ਨੰਨ੍ਹਾ ਮਾਰ ਦਿੱਤਾ ਸੀ।

ਬਾਪੂ ਦੀ ਲਾਸ਼ ਨੂੰ ਤਾਂ ਖਪਾ ਦਿੱਤਾ ਸੀ ਪਰ ਲੋਕਾਂ ਦੇ ਮਨਾਂ ਅੰਦਰਲੇ ਸਵਾਲ ਉਨ੍ਹਾਂ ਅੰਦਰ ਨਾ ਖਪੇ। ਥੋੜ੍ਹੇ ਜਿਹੇ ਦਿਨਾਂ ਬਾਅਦ ਗੱਲ ਦੀ ਭਾਫ਼ ਨਿਕਲਣ ਲੱਗ ਪਈ ਸੀ ਜਿਸ ਦਾ ਸਾਰਾ ਸ਼ੱਕ ਮੱਖਣ ਵੱਲ ਜਾਂਦਾ ਸੀ। ਲੋਕ ਗੱਲਾਂ ਕਰਦੇ ਸੀ, ''ਲਾਸ਼ ਦੇ ਗਲ ਉੱਪਰ ਨੀਲ ਪਏ ਹੋਏ ਸਨ, ਅੱਖਾਂ ਬਾਹਰ ਨੂੰ ਨਿਕਲੀਆਂ ਸਨ।'' ਕਿਸੇ ਨੇ ਬਾਪੂ ਨੂੰ ਗਲ-'ਗੂਠਾ ਦਿੱਤਾ ਸੀ। ਸਿੰਦਰ ਮਜ਼ਬੀ ਨੇ ਤਾਂ ਉਸ ਰਾਤ ਮੱਖਣ ਨੂੰ ਖੇਤ ਵੱਲ ਜਾਂਦਿਆਂ ਵੀ ਵੇਖ ਲਿਆ ਸੀ।

ਲੋਕਾਂ ਦੀਆਂ ਇਹਨਾਂ ਗੱਲਾਂ ਨੇ ਮੈਨੂੰ ਸੋਚਣ ਲਾ ਦਿੱਤਾ ਸੀ।

ਪਹਿਲਾਂ ਤਾਂ ਮੈਨੂੰ ਅਜਿਹਾ ਸੋਚਣ ਦੀ ਸੁਰਤ ਹੀ ਨਹੀਂ ਸੀ। ਪਰ ਲੋਕਾਂ ਦੀਆਂ ਅਜੀਬ ਅਜੀਬ ਗੱਲਾਂ ਨੇ ਮੇਰੇ ਅੰਦਰ ਕਈ ਸਵਾਲ ਉਠਾ ਦਿੱਤੇ ਸਨ। ਜਿੰਨ੍ਹਾਂ ਦੀ ਸ਼ੱਕ ਦੀ ਸੂਈ ਮੱਖਣ ਉੱਪਰ ਹੀ ਜਾ ਖੜ੍ਹਦੀ ਸੀ।

ਉਸੇ ਰਾਤ ਮੈਂ ਪਿਸ਼ਾਬ ਕਰਨ ਉੱਠਿਆ ਸੀ ਤਾਂ ਮੈਨੂੰ ਮਾਂ ਅਤੇ ਮੱਖਣ ਦੀ ਘੁਸਰ-ਮੁਸਰ ਸੁਣੀ ਸੀ ਤੇ ਫਿਰ ਉਨ੍ਹਾਂ ਦਾ ਬਾਹਰਲਾ ਬਾਰ ਵੀ ਖੜਕਿਆ ਸੀ। ਇਸ ਸਭ ਵਿੱਚ ਮਾਂ ਵੀ ਸ਼ਾਮਲ ਸੀ।

ਸ਼ਰਾਬੀ ਬਾਪੂ ਕੋਲੋਂ ਕੁੱਟ ਖਾਣ ਤੋਂ ਬਾਅਦ ਮਾਂ ਜਦ ਵੀ ਬਾਪੂ ਨੂੰ ਗਾਲ੍ਹਾਂ ਦਿੰਦੀ ਤਾਂ ਉਹ ਆਪਣੀ ਇਸ ਭੈੜੀ ਨੀਅਤ ਵੱਲ ਸੰਕੇਤ ਜ਼ਰੂਰ ਕਰ ਜਾਂਦੀ ਸੀ, ''ਢੱਠਿਆ! ਮੈਂ ਤਾਂ ਕਹਿਣੀ ਆਂ ਤੂੰ ਪਿਆ ਹੀ ਰਹਿਜੇਂ। ਜੇ ਤੂੰ ਮਰਜੇਂ, ਮੈਂ ਸ਼ੁਕਰ ਮਨਾਵਾਂ! ਤੇਰੇ ਬਿਨਾਂ ਕੋਈ ਮੇਰਾ ਦੇਸ਼ ਸੁੰਨਾ ਨੀ ਹੁੰਦਾ। ਜਿਹੜੀਆਂ ਰੰਡੀਆਂ ਨੇ, ਵਧੀਆਂ ਅਵਦੀ ਨੀਂਦ ਸੌਂਦੀਆਂ ਨੇ, ਅਵਦੀ ਉਠਦੀਆਂ ਨੇ।''

ਕਦੇ ਕਦੇ ਲੜਾਈ ਤੋਂ ਬਿਨਾਂ ਵੀ ਮਾਂ ਦੇ ਅੰਦਰਲੀ ਇਹ ਖ਼ੁਆਇਸ਼ ਬੁੱਲ੍ਹਾਂ 'ਤੇ ਆ ਜਾਂਦੀ ਸੀ। ਉਹ ਕਿੰਨੀ ਕਿੰਨੀ ਦੇਰ ਪਿੰਡ ਦੀਆਂ ਰੰਡੀਆਂ ਤੀਵੀਂਆਂ ਦੇ ਸੁਖੀ ਜੀਵਨ ਦੀਆਂ ਗੱਲਾਂ ਕਰਦੀ ਰਹਿੰਦੀ।

ਹੁਣ ਮੈਨੂੰ ਲਗਦਾ ਹੈ ਬਾਪੂ ਨੇ ਵੀ ਆਪਣੀ ਮੌਤ ਦਾ ਰਾਹ ਆਪ ਹੀ ਤਿਆਰ ਕੀਤਾ ਸੀ। ਬਾਪੂ ਬੜਾ ਜ਼ਿੱਦੀ ਸੀ। ਜਿਹੜੀ ਗੱਲ ਕਹਿ ਦਿੰਦਾ, ਕਰਕੇ ਵਿਖਾਉਂਦਾ। ਉਹ ਜਦ ਵੀ ਮੱਖਣ ਨਾਲ ਲੜਦਾ ਤਾਂ ਇਹ ਸੁਣਾਈ ਜ਼ਰੂਰ ਕਰਦਾ, ''ਮੈਂ ਅਵਦੇ ਮਰਨ ਤੋਂ ਪਹਿਲਾਂ ਤੈਨੂੰ ਮੰਗਣ ਜਰੂਰ ਲਾ ਕੇ ਜਾਊਂ। ਦੇਖਦਾ ਜਾਈਂ ਤੂੰ! ਜੇ ਨਾ ਮੰਗਣ ਲਾ ਕੇ ਗਿਆ। ਅੱਖਾਂ 'ਚ ਹੱਥ ਦੇ ਦੇ ਰੋਏਂਗਾ।''

ਮੱਖਣ ਨੂੰ ਡਰ ਸੀ ਬਾਪੂ ਜ਼ਮੀਨ ਉਸ ਨੂੰ ਨਹੀਂ ਦੇਵੇਗਾ। ਉਸ ਨੇ ਮਨ 'ਚ ਇਹ ਡਰ ਪਾਲ ਰੱਖਿਆ ਸੀ, ਬਾਪੂ ਸਾਰੀ ਜ਼ਮੀਨ ਮੇਰੇ ਨਾਂ ਲਿਖਵਾ ਕੇ ਜਾਵੇਗਾ। ਮੈਂ ਉਸ ਦੇ ਇਸ ਡਰ ਨੂੰ ਕਿੰਨੇ ਵਾਰ ਕੱਢਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਯਕੀਨ ਦਵਾਇਆ। ਸੌਹਾਂ ਖਾਧੀਆਂ, ਮੈਂ ਬਾਪੂ ਨੂੰ ਇਹ ਨਹੀਂ ਕਰਨ ਦੇਵਾਂਗਾ ਪਰ ਉਹ ਮੇਰੇ ਯਕੀਨ 'ਤੇ ਵੀ ਨਾ ਖੜ੍ਹਿਆ।

ਬਾਪੂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਮੈਂ, ਮਾਂ ਅਤੇ ਮੱਖਣ ਨੂੰ ਕਿੰਨੀ ਵਾਰ ਘੁਸਰ-ਮੁਸਰ ਕਰਦੇ ਸੁਣਿਆ ਸੀ ਜਿਵੇਂ ਉਹ ਕੋਈ ਗੁੱਝੀਆਂ ਸਕੀਮਾਂ ਬਣਾ ਰਹੇ ਹੋਣ। ਪਰ ਓਦੋਂ ਮੇਰੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ।

ਹੁਣ ਮੈਨੂੰ ਸਾਹਮਣੇ ਮੌਤ ਵੇਖਦਾ ਬਾਪੂ ਦਾ ਉਹ ਚਿਹਰਾ ਮੁੜ ਦਿਸਣ ਲੱਗ ਪਿਆ ਹੈ। ਬਾਪੂ ਦਾ ਪੀਲਾ ਪਿਆ ਚਿਹਰਾ, ਤਰਲੇ ਲੈਂਦੀਆਂ ਅੱਖਾਂ। ਮੈਨੂੰ ਦਿਸ ਰਿਹਾ ਹੈ, ਮੱਖਣ ਨੇ ਬਾਪੂ ਦੇ ਸਭ ਤਰਲਿਆਂ ਨੂੰ ਪੈਰਾਂ ਹੇਠਾਂ ਮਸਲ ਕੇ ਬਾਪੂ ਦੇ ਗਲ਼ੇ 'ਤੇ ਪਕੜ ਹੋਰ ਮਜ਼ਬੂਤ ਕਰ ਲਈ ਹੈ। ਬਾਪੂ ਲੱਤਾਂ-ਬਾਹਾਂ ਮਾਰਦਾ ਹੈ, ਦੇਹ ਤੋੜਦਾ ਹੈ ਤੇ ਫਿਰ ਸ਼ਾਂਤ ਹੋ ਜਾਂਦਾ ਹੈ।

ਮੱਖਣ ਹੱਸ ਰਿਹਾ ਹੈ। ਉਸਦੇ ਇਸ ਹਾਸੇ 'ਚ ਮਾਂ ਵੀ ਸ਼ਾਮਲ ਹੋ ਜਾਂਦੀ ਹੈ ਤੇ ਫਿਰ ਉਸਦੀ ਪਤਨੀ ਵੀ। ਹਸਦਿਆਂ ਉਨ੍ਹਾਂ ਮੈਨੂੰ ਸਾਹਮਣੇ ਖੜ੍ਹਾ ਵੇਖ ਲਿਆ ਹੈ। ਉਨ੍ਹਾਂ ਦੇ ਹੱਸਦੇ ਚਿਹਰੇ ਗੰਭੀਰ ਹੋ ਗਏ ਹਨ। ਉਹ ਤਿੰਨੋਂ ਆਪਸ ਵਿੱਚ ਨਜ਼ਰਾਂ ਮਿਲਾਉਂਦੇ ਮੇਰੇ ਵੱਲ ਵਧਣ ਲਗਦੇ ਹਨ ਤੇ....!

ਸਾਹਮਣੇ ਟਾਹਲੀ ਤੋਂ ਕੋਈ ਜਾਨਵਰ 'ਚਿਰ.... ਚਿਰ....' ਕਰਦਾ ਉੱਡ ਜਾਂਦਾ ਹੈ। ਮੇਰੀ ਸੁਰਤ ਪਰਤੀ ਹੈ। ਮੈਂ ਕੋਠੇ ਕੋਲ ਖੜ੍ਹਾ ਮੱਖਣ ਨੂੰ ਵੇਖ ਰਿਹਾ ਹਾਂ। ਉਹ ਡਰਾਵਣੇ ਘੁਰਾੜੇ ਮਾਰ ਰਿਹਾ ਹੈ ਜਿਵੇਂ ਕੋਈ ਬਾਤਾਂ ਵਿਚਲਾ ਦਿਓ ਬੰਦਿਆਂ ਦਾ ਖ਼ੂਨ ਪੀ ਕੇ, ਰੱਜ ਕੇ ਡਕਾਰਾਂ ਮਾਰਦਾ ਹੈ।

ਮੈਂ ਕਿਰਚ ਆਪਣੇ ਹੱਥ ਵਿੱਚ ਘੁੱਟ ਲੈਂਦਾ ਹਾਂ। ਇੱਕ ਸੇਕ ਮੇਰੇ ਪੈਰਾਂ ਥੱਲੋਂ ਚੜ੍ਹਦਾ ਸਿਰ ਤੱਕ ਫੈਲ ਗਿਆ ਹੈ। ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਮੇਰੇ ਅੰਗਾਂ ਵਿੱਚ ਦੁੱਗਣੀ ਤਾਕਤ ਭਰਦੀ ਜਾ ਰਹੀ ਹੋਵੇ। ਮੈਂ ਹੌਲੀ ਹੌਲੀ ਪੈਰ ਪੁੱਟਦਾ ਉਸ ਦੇ ਮੰਜੇ ਵੱਲ ਵਧਣ ਲੱਗਦਾ ਹਾਂ। ਮੈਂ ਉਸ ਦੇ ਮੰਜੇ ਦੇ ਬਰਾਬਰ ਜਾ ਖੜ੍ਹਿਆ ਹਾਂ। ਉਹ ਮੇਰੀ ਰਾਤਾਂ ਦੀ ਨੀਂਦ, ਦਿਨ ਦਾ ਚੈਨ ਖੋਹ ਕੇ ਆਪ ਬੇਫ਼ਿਕਰ ਹੋਇਆ ਸੁੱਤਾ ਪਿਆ ਹੈ। ਉਸ ਨੂੰ ਇਸ ਤਰ੍ਹਾਂ ਪਿਆ ਵੇਖ ਕੇ ਮੈਨੂੰ ਹੋਰ ਕ੍ਰੋਧ ਚੜ੍ਹ ਜਾਂਦਾ ਹੈ। ਮੇਰਾ ਦਿਲ ਤੇਜ਼ ਤੇਜ਼ ਧੜਕਣ ਲੱਗ ਪਿਆ ਹੈ। ਬੱਸ! ਅੱਜ ਸਭ ਹਿਸਾਬ ਬਰਾਬਰ ਕਰਨ ਦਾ ਮੌਕਾ ਹੈ। ਜੇ ਇਹ ਮੌਕਾ ਖੁੰਝ ਗਿਆ ਤਾਂ....!

ਮੈਂ ਆਪਣੇ ਸਰੀਰ 'ਚ ਏਨੀ ਸ਼ਕਤੀ ਭਰ ਲੈਣੀ ਚਾਹੁੰਦਾ ਹਾਂ ਕਿ ਉਸ ਨੂੰ ਜਾਗਣ ਦਾ ਮੌਕਾ ਵੀ ਨਾ ਮਿਲੇ। ਉਹ ਜਾਗਣ ਤੋਂ ਪਹਿਲਾਂ ਹੀ ਸਦਾ ਦੀ ਨੀਂਦ ਸੌਂ ਜਾਵੇ।

ਮੈਂ ਮੰਜੇ ਦੇ ਹੋਰ ਨੇੜੇ ਹੋ ਗਿਆ ਹਾਂ। ਬਿਜਲੀ ਦੀ ਤੇਜ਼ੀ ਜਿੰਨੀ ਛੇਤੀ ਮੈਂ ਮੱਛਰਦਾਨੀ ਦਾ ਲੜ ਚੁੱਕਦਾ ਹਾਂ ਤੇ ਪਲਾਂ-ਛਿਣਾਂ ਵਿੱਚ ਹੀ ਇੱਕ, ਦੋ, ਤਿੰਨ, ਚਾਰ, ਪੰਜ.... ਪਤਾ ਨਹੀਂ ਕਿੰਨੇ ਹੀ ਵਾਰ ਮੈਂ ਉਸ ਉੱਪਰ ਕਰ ਦਿੰਦਾ ਹਾਂ। ਮੈਂ ਵਾਰ ਏਨੀ ਤੇਜ਼ੀ ਨਾਲ ਕਰਦਾ ਹਾਂ ਕਿ ਮੈਨੂੰ ਖ਼ੁਦ ਨੂੰ ਵੀ ਪਤਾ ਨਹੀਂ ਲੱਗਿਆ ਕਿ ਉਸ ਨੇ ਜਾਗ ਕੇ ਮੇਰਾ ਵਿਰੋਧ ਕੀਤਾ ਸੀ ਜਾਂ ਨਾ। ਜਦੋਂ ਮੇਰੀ ਸੁਰਤ ਪਰਤਦੀ ਹੈ, ਉਹ ਮੰਜੇ ਵਿੱਚ ਮਿੱਟੀ ਬਣਿਆ ਪਿਆ ਹੈ।

ਮੈਂ ਜੇਤੂ ਅੰਦਾਜ਼ ਵਿੱਚ ਬਾਹਵਾਂ ਉੱਪਰ ਚੁੱਕਦਾ ਹਾਂ। ਆਪਣੇ ਖੇਤ ਦੀ ਮਿੱਟੀ ਨੂੰ ਚੁੰਮਦਾ ਹਾਂ। ਖੇਤ ਉੱਪਰ ਦੀ ਗੇੜਾ ਦਿੰਦਾ ਹਾਂ। ਮੈਨੂੰ ਲਗਦਾ ਹੈ ਜਿਵੇਂ ਮੇਰੀ ਫ਼ਸਲ ਉਸਦੀ ਫ਼ਸਲ ਨਾਲੋਂ ਅੱਜ ਰਾਤ ਵਿੱਚ ਹੀ ਦੁੱਗਣਾ ਕੱਦ ਕੱਢ ਗਈ ਹੋਵੇ। ਮੈਨੂੰ ਸੁਣਾਈ ਦਿੰਦਾ ਹੈ ਜਿਵੇਂ ਪਿੰਡ ਵਾਲੇ ਕਹਿ ਰਹੇ ਹੋਣ, ''ਵਧੀਆ ਕੀਤਾ ਏਸ ਪਾਪੀ ਨਾਲ ਤਾਂ ਅਈਂ ਹੋਣੀ ਚਾਹੀਦੀ ਸੀ।'' ਜਿਵੇਂ ਮੈਂ ਮੇਰੀ ਪਤਨੀ ਅੱਗੇ ਗਿੱਠ ਉੱਚਾ ਹੋ ਗਿਆ ਹੋਵਾਂ। ਉਹ ਮੈਨੂੰ ਥਾਪੀ ਦਿੰਦੀ ਕਹਿ ਰਹੀ ਹੈ, ''ਵਾਹ ਵੇ ਅਣਖੀਆ!''

ਮੈਂ ਪਿੰਡ ਨੂੰ ਤੇਜ਼ ਕਦਮੀਂ ਤੁਰ ਪਿਆ ਹਾਂ। ਪਰ ਹੈਂ! ਇਹ ਕੀ? ਹੌਲੀ ਹੌਲੀ ਮੇਰੀ ਚਾਲ ਘਟਦੀ ਜਾਂਦੀ ਹੈ। ਮੇਰੇ ਅੰਦਰ ਕੁਝ ਖੁੱਸਣ ਲੱਗਦਾ ਹੈ ਜਿਵੇਂ ਮੈਂ ਆਪਣਾ-ਆਪਾ ਕਿਤੇ ਪਿੱਛੇ ਛੱਡ ਆਇਆ ਹੋਵਾਂ। ਅੰਦਰ ਸੁਨਾਮੀ ਉੱਠਣ ਵਾਂਗ ਉਥਲ-ਪੁਥਲ ਮੱਚ ਪਈ ਹੈ। ਮੈਨੂੰ ਅੱਗੇ ਕਦਮ ਪੁੱਟਣਾ ਔਖਾ ਹੋ ਗਿਆ ਹੈ ਜਿਵੇਂ ਮੇਰੇ ਪੈਰ ਸੁੱਜ ਕੇ ਤੁਰਨੋਂ ਜਵਾਬ ਦੇ ਗਏ ਹੋਣ। ਮੈਂ ਕੁਛ ਦੇਰ ਖੜ੍ਹਾ ਸੋਚਦਾ ਰਹਿੰਦਾ ਹਾਂ। ਫਿਰ ਅਚਾਨਕ ਸਿਰ-ਮੂਧ ਪਿੱਛੇ ਨੂੰ ਭੱਜ ਲੈਂਦਾ ਹਾਂ। ਕੋਠੇ ਕੋਲ ਜਾਂਦਿਆਂ ਹੀ ਮੈਂ ਭਰਾ ਦੀ ਮੱਛਰਦਾਨੀ ਪੁੱਟ ਕੇ ਪਰ੍ਹਾਂ ਵਗਾਹ ਮਾਰਦਾ ਹਾਂ। ਉਸਦੀ ਖ਼ੂਨ ਨਾਲ ਲੱਥ-ਪੱਥ ਹੋਈ ਦੇਹ ਨੂੰ ਚਿੰਬੜ ਜਾਂਦਾ ਹਾਂ। ਟਿਕੀ ਰਾਤ ਵਿੱਚ ਮੇਰੀਆਂ ਧਾਹਾਂ ਦੂਰ ਦੂਰ ਤੱਕ ਸੁਣਾਈ ਦੇ ਰਹੀਆਂ ਹਨ।

**ਪ੍ਰਗਟ ਸਤੌਜ਼**
**ਕਹਾਣੀਕਾਰ**

## ਉਮੰਗ

ਹੁੰਦੀ ਨਦੀ ਮੈਂ
ਉੱਛਲ ਕੇ ਕਿਸੇ
ਪਹਾੜ ਦੀ
ਗੋਦ ਵਿੱਚੋਂ
ਆ ਡਿੱਗਦੀ
ਧਰਤ ਦੇ
ਸੀਨੇ ਤੇ
ਠਾਰਦੀ ਤਪਸ਼
ਮਿਟਾਉਂਦੀ
ਪਿਆਸ
ਤੇ ਫਿਰ
ਜਾ ਡਿੱਗਦੀ
ਵਿੱਚ ਸਮੁੰਦਰ
ਮੈਂ ਵੀ
ਸਮੁੰਦਰ
ਹੋ ਜਾਂਦੀ....

ਕੁਲਵਿੰਦਰ ਚਾਵਲਾ
ਮੋਗਾ

## ਮਾਸੂਮ ਚਿਹਰਾ

**ਕਹਾਣੀ**



ਹਰ ਰੋਜ਼ ਦੀ ਤਰ੍ਹਾਂ ਮੈਂ ਦੁਕਾਨ ਤੇ ਆਇਆ,ਦੁਕਾਨ ਦੀ ਸਾਫ ਸਫਾਈ ਕੀਤੀ। ਸਵੇਰ ਦੇ ਨੌਂ ਕੁ ਵੱਜੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਮਾਮਲੇ ਵਿੱਚ ਸਿੱਖ ਸੰਗਤਾਂ ਨੇ ਰੋਸ ਵਜੋਂ ਅਚਾਨਕ ਸੜਕਾਂ ਤੇ ਧਰਨੇ ਲਾ ਦਿੱਤੇ ਸਨ। ਮੇਰੀ ਦੁਕਾਨ ਬੱਸ ਅੱਡੇ ਦੇ ਵਿੱਚ ਹੋਣ ਕਰਕੇ ਮੈਨੂੰ ਛੇਤੀ ਹੀ ਪਤਾ ਲੱਗ ਜਾਂਦਾ ਸੀ ਕਿ ਕਿੱਧਰ ਕਿਹੜੀ ਸੜਕ ਤੇ ਧਰਨਾ ਲੱਗਿਆ ਹੈ। ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰ ਦਿੱਤੀਆਂ। ਜਦੋਂ ਮੈਂ ਦੁਕਾਨ ਤੋਂ ਬਾਹਰ ਨਿਕਲਿਆ ਤਾਂ ਵੇਖਿਆ ਕਿ ਮੋਢੇ ਚ ਬੈਗ ਪਾਈ ਇੱਕ ਮਾਸੂਮ ਜਿਹੇ ਚਿਹਰੇ ਵਾਲੀ ਕੁੜੀ ਖੜ੍ਹੀ ਸੀ। ਜਦ ਮੈਂ ਆਸੇ-ਪਾਸੇ ਮਾਰਕੀਟ ਵੱਲ ਨਿਗਾਹ ਮਾਰੀ ਤਾਂ ਸਭ ਦੁਕਾਨਾਂ ਬੰਦ ਕਰਕੇ ਜਾ ਚੁੱਕੇ ਸਨ। ਉਹ ਮਾਸੂਮ ਜਿਹੇ ਚਿਹਰੇ ਵਾਲੀ ਕੁੜੀ ਜਦ ਮੇਰੇ ਵੱਲ ਵਧੀ ਤੇ ਬੋਲੀ ਵੀਰੇ ਕੋਈ ਬੱਸ ਆਊਗੀ? ਮੈਂ ਉਸਨੂੰ ਦੱਸਿਆ ਕਿ ਹਰ ਪਾਸੇ ਸੜਕਾਂ ਤੇ ਧਰਨੇ ਲੱਗ ਗਏ ਹਨ,ਹੁਣ ਤਾਂ ਕੋਈ ਬੱਸ ਨਹੀਂ ਆਉਣੀ ਤੇ ਤੁਸੀ ਜਾਣਾ ਕਿਥੇ ਹੈ ? ਉਸ ਕੁੜੀ ਨੇ ਕਿਹਾ ਕਿ ਮੈਂ ਮੈਡੀਕਲ ਹਸਪਤਾਲ ਦੀ ਵਿਦਿਆਰਥਣ ਹਾਂ। ਰਾਤ ਦੀ ਡਿਊਟੀ ਕਰਕੇ ਮੈਂ ਆਪਣੇ ਪਿੰਡ ਬੱਸ ਤੇ ਜਾ ਰਹੀ ਸੀ ਤਾਂ ਬੱਸ ਵਾਲਿਆਂ ਵੀਰਾਂ ਨੇ ਕਿਹਾ ਕਿ ਹੁਣ ਇਸ ਤੋਂ ਅੱਗੇ ਤਾਂ ਸੜਕਾਂ ਬੰਦ ਹੋ ਗਈਆਂ ਹਨ ,ਬੱਸ ਅੱਗੇ ਨਹੀਂ ਜਾਵੇਗੀ ਤਾਂ ਮੈਂ ਇੱਥੇ ਉਤਰ ਗਈ। ਉਸ ਕੁੜੀ ਦੇ ਮਾਸੂਮ ਜਿਹੇ ਚਿਹਰੇ ਤੇ ਡਰ ਬਿਲਕੁਲ ਸਾਫ ਝਲਕ ਰਿਹਾ ਸੀ। ਉਸ ਦੀ ਮਾਸੂਮੀਅਤ ਵੇਖ ਕੇ ਮੈਨੂੰ ਮੇਰੀ ਜਮੀਰ ਨੇ ਕਿਹਾ ਕਿ ਇਸ ਕੁੜੀ ਨੂੰ ਇਸ ਤਰ੍ਹਾਂ ਇੱਕਲਿਆਂ ਬੱਸ ਅੱਡੇ ਵਿੱਚ ਛੱਡ ਕੇ ਤੁਰ ਜਾਣਾ ਠੀਕ ਨਹੀਂ ਹੈ। ਮੈਂ ਉਸ ਨੂੰ ਕਿਹਾ ਕਿ ਕੁਝ ਟਾਇਮ ਉਡੀਕ ਕਰ ਲਵੋ ,ਹੋ ਸਕਦਾ ਕੋਈ ਬੱਸ ਆ ਹੀ ਜਾਵੇ। ਇੰਨ੍ਹਾਂ ਕਹਿਕੇ ਮੈਂ ਆਪਣੀ ਦੁਕਾਨ ਦਾ ਸਟਰ ਅੱਧਾ ਚੱਕ ਦਿੱਤਾ ਤੇ ਦੁਕਾਨ ਚ ਬੈਠ ਗਿਆ। ਅੱਧਾ ਕੁ ਘੰਟਾਂ ਬੀਤ ਜਾਣ ਤੇ ਬੱਸ ਅੱਡੇ ਵਿੱਚ ਦੋ-ਚਾਰ ਜਾਣੇ ਸੀ ਉਹ ਵੀ ਸਭ ਚਲੇ ਗਏ। ਉਹ ਕੁੜੀ ਮੇਰੇ ਦੁਕਾਨ ਦੇ ਅੱਗੇ ਲੱਗੇ ਤਖਤਪੋਸ਼ ਤੇ ਬੈਠ ਗਈ। ਫਿਰ ਮੈਥੋ ਰਿਹਾ ਨਾ ਗਿਆ ਤੇ ਉਸ ਕੁੜੀ ਨੂੰ ਪੁਛਿਆ ਜਾਣਾ ਕਿਧਰ ਨੂੰ ਹੈ? ਉਸ ਨੇ ਬੜੀ ਸਹਿਮੀ ਅਤੇ ਧੀਮੀ ਅਵਾਜ਼ ਵਿੱਚ ਦੱਸਿਆ ਕਿ ਮੈਂ ਵਾਪਸ ਹੁਣ ਮੈਡੀਕਲ ਕਾਲਜ ਹੀ ਜਾਣਾ ਹੈ ਕਿਉਂਕਿ ਅੱਗੇ ਰਾਤ ਨੂੰ ਫਿਰ ਮੇਰੀ ਡਿਊਟੀ ਹੈ। ਜੇਕਰ ਮੈਂ ਪਿੰਡ ਜਾਵਾਗੀ ਤਾਂ ਸ਼ਾਮ ਨੂੰ ਬੱਸਾਂ ਬੰਦ ਹੋ ਜਾਣ ਕਾਰਨ ਕਾਲਜ ਨਹੀਂ ਜਾਇਆ ਜਾਣਾ, ਇਸ ਕਰਕੇ ਮੈਂ ਵਾਪਸ ਮੈਡੀਕਲ ਕਾਲਜ ਹੀ ਜਾਣਾ ਹੈ। ਮੈਨੂੰ ਸੜਕਾਂ ਤੇ ਲੱਗੇ ਹੋਏ ਧਰਨਿਆਂ ਬਾਰੇ ਜਾਣਕਾਰੀ ਸੀ,ਪਰ ਫਿਰ ਵੀ ਮੇਰੇ ਮਨ ਨੇ ਇਸ ਕੁੜੀ ਨੂੰ ਇਸ ਦੇ ਟਿਕਾਣੇ ਤੇ ਪਹੁੰਚਣ ਦੀ ਠਾਣ ਲਈ ਸੀ।

ਜਦ ਮੈਂ ਉਸ ਨੂੰ ਆਪਣੇ ਬਾਈਕ ਤੇ ਬੈਠਣ ਲਈ ਕਿਹਾ ਤਾਂ ਉਹ ਝੱਟ ਦੇਣੇ ਬੈਠ ਗਈ। ਸੜਕਾਂ ਤੇ ਲੱਗੇ ਧਰਨਿਆਂ ਦੇ ਬਾਵਜੂਦ ਵੀ ਮੈਂ ਇਸ ਇਲਾਕੇ ਦੇ ਪਿੰਡਾਂ ਅਤੇ ਸੜਕਾਂ ਦਾ ਭੇਤੀ ਹੋਣ ਕਰਕੇ ਆਸੇ-ਪਾਸੇ ਦੀ ਹੁੰਦੇ ਹੋਏ,ਉਸ ਮਾਸੂਮ ਜਿਹੇ ਚਿਹਰੇ ਵਾਲੇ ਕੁੜੀ ਨੂੰ ਉਸ ਦੀ ਮੰਜ਼ਿਲ ਤੇ ਜਾ ਪਹੁੰਚਾਇਆ। ਆਪਣੇ ਟਿਕਾਣੇ ਤੇ ਪਹੁੰਚ ਕੇ ਉਸ ਦੇ ਚਿਹਰੇ ਤੇ ਰੌਣਕ ਆ ਗਈ ਸੀ ਅਤੇ ਉਹ ਮੇਰੇ ਨਾਲ ਇੰਝ ਗੱਲਾਂ ਕਰ ਰਹੀ ਸੀ ਜਿਵੇਂ ਮੈਂ ਉਸਦੇ ਘਰ ਪਰਿਵਾਰ ਦਾ ਮੈਂਬਰ ਹੋਵਾਂ ਤੇ ਵਾਰ ਵਾਰ ਧੰਨਵਾਦ ਕਰਦੀ ਕਹਿ ਰਹੀ ਸੀ ਵੀਰੇ ਤੂੰ ਹੁਣ ਵਾਪਸ ਕਿਧਰ ਦੀ ਜਾਵੇਗਾ,ਤੇਰੇ ਜਾਂਦੇ ਨੂੰ ਹੁਣ ਉਨ੍ਹਾਂ ਸੜਕਾਂ ਤੇ ਵੀ ਧਰਨੇ ਲੱਗ ਗਏ ਹੋਣਗੇ, ਜਿੱਥੋ ਦੀ ਆਪਾਂ ਲੰਘ ਕੇ ਆਏ ਸੀ।

## ਖੇਡ

**ਕਹਾਣੀ**

**(ਬਦਲਦੇ ਸਮੇਂ ਦੀ ਤਸਵੀਰ)**

ਫੇਰੇ ਹੋ ਗਏ ਹਸ। ਨਵੀਂ ਜੋੜੀ ਸਟੇਜ 'ਤੇ ਬੈਠੀ ਸ਼ਗਨਾਂ ਨਾਲ ਝੋਲੀਆਂ ਭਰ ਰਹੀ ਸੀ। ਮੁੰਡਾ ਚੜ੍ਹਦੇ ਸੂਰਜ ਦੀ ਲਾਲੀ ਵਰਗਾ। ਕੁੜੀ ਉਸ ਤੋਂ ਦੁਗਣੀ ਉਮਰ ਦੀ ਤੇ ਚੂਪੇ ਅੰਬ ਵਰਗੀ, ਦੁਹਾਜੂ।

ਅੱਠ ਕੁ ਸਾਲ ਪਹਿਲਾਂ ਵੀ ਉਹ ਇਸੇ ਸਟੇਜ 'ਤੇ ਬੈਠੀ ਸੀ। ਉਦੋਂ ਉਹ ਭਰ ਜੁਆਨ ਸੀ ਤੇ ਪਤੀ ਦੁਗਣੀ ਉਮਰ ਦਾ। ਅਮਰੀਕਾ ਜਾਣ ਲਈ ਕੁਰਬਾਨੀ ਤਾਂ ਦੇਣੀ ਹੀ ਪੈਣੀ ਸੀ।

ਫਿਰ ਉਸਨੇ ਬੈਠੀ-ਬੈਠੀ ਨੇ ਹੀ ਸੋਚ ਲਿਆ ਸੀ ਉਹਦਾ ਤਾਂ ਅਮਰੀਕਾ ਪਹੁੰਚਣਾ ਹੀ ਮਿਸ਼ਨ ਸੀ। ਪੱਕਿਆਂ ਹੁੰਦਿਆ ਹੀ ਏਸ ਬੁੱਢੇ ਦੇ ਢੂਹੇ ਲੱਤ ਮਾਰੇਗੀ।

ਹੁਣ ਦੂਸਰੀ ਵਾਰੀ ਵਿਆਹ ਦੇ ਨਾਲ ਸੂਟ 'ਚ ਫ਼ਬੀ, ਗਭਰੂ ਪਤੀ ਵਲ ਵਾਰ-ਵਾਰ ਕੁੰਝਾ ਜਿਹਾ ਝਾਕਦੀ। ਉਹ ਸੋਚ ਦੀ ਕਿਆ ਕਮਾਲ ਹੈ, ਅਮਰੀਕਾ ਦੇ ਗਰੀਨ ਕਾਰਡ 'ਚ। ਕਿੰਨੀ ਤਾਕਤ ਹੁੰਦੀ ਹੈ। ਕਿਵੇਂ ਇਸ ਉਮਰੇ ਵੀ ਸਿਰੇ ਦਾ ਪੜ੍ਹਿਆਂ-ਲਿਖਿਆ ਤੇ ਜਵਾਨ ਬਟੇਰਾ ਮਿਲ ਗਿਆ। ਜੋ ਵਿਦੇਸ਼ ਜਾਣ ਲਈ ਉੱਹਦੀਆਂ ਲਾਲਾਂ ਚੱਟਣ ਨੂੰ ਵੀ ਤਿਆਰ ਏ। ਉਹਨੂੰ ਆਪਣੀ ਕਿਸਮਤ 'ਤੇ ਮਾਣ ਹੋਇਆਂ। ਸੱਚੀ ਉਹਦਾ ਤਾਂ ਚੰਗਾ ਦਾਅ ਲੱਗ ਗਿਆ ਸੀ। ਹੁਣ ਇਹਦੇ ਨਾਲ ਰਹਿਕੇ ਮੇਰੇ ਅੱਧਖੜ ਹੋ ਰਹੇ ਸਰੀਰ 'ਚ ਦੁਬਾਰਾ ਜਵਾਨੀ ਆ ਜੂ। ਹਾਏ ॥ ਮੈਂ ਤਾਂ ਹੁਣ ਸਾਰੀ ਉਮਰ

ਇਹਦੇ 'ਤੇ ਮਰ-ਮਰ ਜਾਵਾਂਗੀ। ਇਸ ਉਮਰੇ ਆਪਣੇ ਤੋਂ ਅੱਧੀ ਉਮਰ ਦਾ ਗਭਰੂ ਮਿਲਣਾਂ ਤਾਂ ਘਿਓ ਖਾਣ ਦੇ ਬਰਾਬਰ ਏ।

ਉਸਨੂੰ ਨਾਲ ਬੈਠੀ ਨੂੰ ਆਪ-ਮੁਹਾਰੀਆਂ ਜਿਹੀਆਂ ਨਿਕਲੀ ਜਾਂਦੀਆਂ, ਜਿਵੇਂ ਨਾਲ ਬੈਠਾ ਪਤੀ ਚੋਰੀ-ਚੋਰੀ ਸ਼ਰਾਰਤਾਂ ਕਰ ਰਿਹਾ ਹੋਵੇ

"ਕੀ ਗੱਲ ਬੋਲਦੇ ਨਹੀਂ.... ਮੇਰੇ ਵਲ ਦੇਖੀ ਹੀ ਜਾਂਦੇ ਓ... ਕੋਈ ਗੱਲ ਵੀ ਕਰੋ...!"

ਪਰ ਮੁੰਡਾ ਤਾਂ ਲੋੜੋਂ ਵੱਧ ਮੰਗਦਤ ਹੋਇਆਂ ਬੋਲਿਆਂ,"ਕੀ ਗੱਲ ਕਰਾਂ.... ਮੈਂ ਤਾਂ ਬੜਾ ਹੀ ਖੁਸ਼ ਆਂ.... ਮੈਥੋਂ ਤਾਂ ਖੁਸੀ ਲੁਕਾਈ ਹੀ ਨਹੀ ਜਾਂਦੀ....."

ਮੁੰਡਾ ਬੈਠਾ ਸੋਚਦਾ, ਮੇਰੀ ਮਾਂ ਦੀ ਉਮਰ ਦੀ ਏ। ਚਲੋ ਖੈਰ, ਕੋਈ ਪਰਵਾਹ ਨਹੀਂ ਉਮਰ ਦਾ ਕੀ ਏ। ਮੈਨੂੰ ਅਮਰੀਕਾ ਵੀ ਤਾਂ ਇਹਨੇ ਹੀ ਖੜ੍ਹਨਾ ਏ।

ਜਿਵੇਂ ਕਦੀ ਜਵਾਨੀ 'ਚ ਉਹ ਸੋਚਦੀ ਹੁੰਦੀ ਸੀ। ਅੱਜ ਇਹ ਗਭਰੂ ਵੀ ਉਸ ਪ੍ਰਕਾਰ ਦੇ ਵੇਗ 'ਚ ਵਹਿ ਰਿਹਾ ਸੀ। ਉਹ ਸੋਚਦਾ, ਕਿਹੜੀ ਘੜੀ ਹੋਵੇ ਜਦੋਂ ਅਮਰੀਕਾ ਪਹੁੰਚਕੇ ਏਸ ਸੈਕੰਡ ਹੈਂਡ ਰੰਨ ਨੂੰ ਮਗਰੋਂ ਲਾਹਵੇ।

ਜਿਵੇਂ ਨਾਲ ਦੀ ਨੇ ਪਹਿਲੇ ਪਤੀ ਨਾਲ ਖੇਡ-ਖੇਡੀ ਸੀ ਤੇ ਹੁਣ ਉਹ ਆਪ ਬੈਠੀ ਉਹਨਾਂ ਹਾਲਾਤਾਂ ਦੀ ਹੀ ਸ਼ਿਕਾਰ ਹੋ ਰਹੀ ਸੀ।

ਪੈਲਸ ਵੀ ਉਹੋ ਸੀ। ਸਟੇਜ਼ ਵੀ ਉਹੋ ਸੀ। ਭੰਗੜੇ ਵੀ ਅਣਜਾਣ ਸਨ। ਪਰ ਉਹ ਤਾਂ ਦੋਵੇਂ ਹੀ ਬਿੱਲੀ ਚੂਹੇ ਦੀ ਖੇਡ, ਖੇਡ ਰਹੇ ਸਨ। ਪਰ ਬੜੀ ਹੈਰਾਨੀ ਦੀ ਗੱਲ ਸੀ, ਉਹ ਫਿਰ ਵੀ ਇੱਕ -ਦੂਜੇ ਵੱਲ ਵੇਖ-ਵੇਖ ਮੁਸਕਰਾਅ ਰਹੇ ਸਨ।

**ਡਾ. ਕਰਮਜੀਤ ਸਿੰਘ ਨਾਡਾਲਾ**

**+91 98151 86532**

BAJAJ | Allianz

Dilbagh Singh
Senior Sales Manager

Mobile : +91 9814487852
Email : dilbagh.singh013@balk.in
Website : www.bajajallianz.com

Bajaj Allianz Life
Insurance Co. Ltd.
2nd Floor Konika Tower
Opp. Improvement Trust Office
Hargobind Nagar Market Phagwara
Kapurthala Punjab 144401
Tel : 01824 509153
Fax. 01824 508163

# ਫ਼ਰਕ

**ਕਹਾਣੀ**

**(ਦੋ ਪੀੜ੍ਹੀਆਂ ਦੇ ਵਿਚਾਰਾਂ ਦਾ ਟੱਕਰਾ)**



ਕਲ੍ਹ ਕਿੱਥੇ ਗਿਆ ਸੀ ਤੂੰ ? ਚਾਚੇ ਚੇਤ ਰਾਮ ਨੇ ਮਿਲਣ ਆਏ ਭਤੀਜੇ ਸ਼ੋਕੀ ਨੂੰ ਪੁਛਿਆ।

ਕਲ੍ਹ ਤਾਂ ਚਾਚਾ ਜੀ ਮੈ ਮੇਸ਼ੇ ਵੀਰਜੀ ਦੀ ਰਿਟਾਇਰਮੈਟ ਪਾਰਟੀ ਤੇ ਗਿਆ ਸੀ। ਸੱਚੀ ਚਾਚਾ ਜੀ ਨਜਾਰਾ ਆ ਗਿਆ। ਸਾਰੇ ਵੱਡੇ ਵੱਡੇ ਅਫਸਰ ,ਐਕਸੀਅਨ, ਐਸ ਡੀ ਓ ਤੇ ਜੇ ਈ ਆਏ ਸਨ ਉਸ ਪਾਰਟੀ ਚ।ਸ਼ੋਕੀ ਨੇ ਦੱਸਿਆ।

ਤੇ ਹੋਰ ਕੋਣ ਕੋਣ ਆਇਆ ਸੀ?ਉਸਨੇ ਥੋੜਾ ਗੁਝੇ ਜਿਹੇ ਤਰੀਕੇ ਜਿਹੇ ਨਾਲ ਫਿਰ ਤੋ ਪੁਛਿਆ।

ਹੋਰ ਤਾਂ ਲਗਭਗ ਸਾਰੇ ਹੀ ਆਏ ਸਨ। ਵੀਰ ਜੀ ਦੇ ਮਹਿਕਮੇ ਚੋ ਸਾਰਾ ਦਫਤਰੀ ਅਮਲਾ ਤੇ ਕੁਝ ਲੋਕਲ ਲੀਡਰ ਵੀ ਆਏ ਸਨ।ਵੀਰ ਜੀ ਦਾ ਆਪਣਾ ਪਰਿਵਾਰ ਕੁੜਮ ਕਬੀਲਾ ਤਾਂ ਸੀ ਹੀ ਉਥੇ ।ਆਪਣੇ ਹਿਸਾਬ ਜਿਹੇ ਨਾਲ ਉਸਨੇ ਗੋਲ ਮੋਲ ਜਿਹਾ ਜਬਾਬ ਦਿੱਤਾ। ਪਰ ਉਸਨੂੰ ਲੱਗਿਆ ਕਿ ਇਸ ਉੱਤਰ ਨਾਲ ਚਾਚਾ ਜੀ ਦੀ ਬਹੁਤੀ ਤਸੱਲੀ ਨਹੀ ਹੋਈ। ਤੇ ਉਹ ਆਪਣੇ ਚਾਚਾ ਜੀ ਦੇ ਮੂੰਹ ਵੱਲ ਵੇਖਣ ਲੱਗਿਆ। ਚਾਚਾ ਚੇਤ ਰਾਮ ਉਸ ਦਾ ਸਕਾ ਚਾਚਾ ਨਹੀ ਸੀ । ਇਹ ਤਾਂ ਉਹਨਾ ਦੇ ਸਰੀਕੇ ਵਿੱਚੋ ਸੀ । ਕਈਆ ਦਾ ਉਹ ਤਾਇਆ ਲੱਗਦਾ ਸੀ ਪਰ ਵੱਡੇ ਭਰਾਵਾਂ ਦੀ ਰੀਸ ਨਾਲ ਸਾਰੇ ਹੀ ਉਸਨੂੰ ਚਾਚਾ ਹੀ ਕਹਿੰਦੇ ਸਨ। ਸ਼ਰੀਕੇ ਵਿੱਚ ਚਾਚੇ ਚੇਤ ਰਾਮ ਦੀ ਬਹੁਤ ਇੱਜਤ ਸੀ। ਇਹ ਸਾਰੇ ਭਰਾ ਸੁਰੂ ਵਿੱਚ ਜੇ ਬੀ ਟੀ ਅਧਿਆਪਕ ਹੀ ਲੱਗੇ ਸਨ। ਪਰ ਚਾਚਾ ਚੇਤ ਰਾਮ ਸਭ ਤੋ ਹੁਸਿਆਰ ਤੇ ਹਿੰਮਤੀ ਨਿੱਕਲਿਆ। ਨੋਕਰੀ ਦੇ ਨਾਲ ਨਾਲ ਉਸਨੇ ਪੜਾਈ ਵੀ ਜਾਰੀ ਰੱਖੀ ਤੇ ਤਰੱਕੀਆਂ ਵੀ ਲੈਂਦਾ ਰਿਹਾ। ਫਿਰ ਉਹ ਜੇ ਬੀ ਟੀ ਤੋ ਲੈਕਚਰਰ ਤੱਕ ਪਹੰਚ ਗਿਆ। ਬਹੁਤ ਟਿਉਸ਼ਨਾ ਪੜਾਈਆਂ ਉਸਨੇ । ਬਾਹਰਲੇ ਲੋਕਾਂ ਵਿੱਚ ਉਹ ਮਾਸਟਰ ਚੇਤ ਰਾਮ ਦੇ ਨਾਮ ਨਾਲ ਹੀ ਮਸਹੂਰ ਹੈ। ਤੇ ਅੱਜ ਵੀ ਲੋਕ ਮਾਸਟਰ ਚੇਤ ਰਾਮ ਦੇ ਗੁਣ ਗਾਉਂਦੇ ਹਨ।

ਤੇ ਹੋਰ ਕੋਣ ਕੌਣ ਸੀ। ਮੇਰਾ ਮਤਲਬ ਰਿਸ਼ਤੇਦਾਰ ਕਿੰਨੇ ਕੁ ਸਨ। ਮੇਸ਼ੇ ਦੇ ਨਾਨਕੇ, ਧੀਆਂ ਭੈਣਾਂ ਭਰਾਂ ਚਾਚਿਆਂ ਤਾਇਆਂ ਚੋ ਕੋਣ ਕੋਣ ਆਇਆ ਸੀ। ਓਸਨੇ ਆਪਣੀ ਸੰਕਾ ਅਨੁਸਾਰ ਪੁਛਿਆ । ਤਾਂ ਸ਼ੋਕੀ ਦੇ ਵੀ ਗੱਲ ਸਮਝ ਆਈ ਕਿ ਚਾਚਾ ਜੀ ਕੀ ਪੁਛਣਾ ਚਾਹੁੰਦੇ ਹਨ।

ਚਾਚਾ ਜੀ ਪਾਰਟੀ ਚ ਬੰਦਾ ਤਾਂ ਕੋਈ ਤਿੰਨ ਸਾਢੇ ਤਿੰਨ ਸੋ ਸੀਗਾ। ਖਾਣ ਪੀਣ ਨੂੰ ਵਾਧੂ ਕੁਸ਼ ਸੀ। ਵਿਆਹ ਵਰਗਾ ਪ੍ਰੋਗਰਾਮ ਸੀ। ਭੱਲ੍ਹੇ ਟਿੱਕੀਆਂ

ਪਨੀਰ ਪਕੋੜੇ ਨੂਡਲ ਬਰਗਰ ਸਾਰੇ ਠੰਡੇ ਤੇ ਜੂਸ ਕੋਫੀ ਸੂਪ ਤਾਂ ਸੀ ਹੀ ਖਾਣਾ ਵੀ ਬਹੁਤ ਵਧੀਆ ਸੀ।ਬਾਦ ਵਿੱਚ ਮਿੱਠੇ ਦੀ ਵਰਾਇਟੀ ਆਇਸ ਕਰੀਮ ਤੇ ਰਸਮਲਾਈ ਵੀ ਸੀ। ਕਹਿੰਦੇ ਚੀਫ ਸਾਹਿਬ ਵੀ ਆਏ ਸਨ ਤੇ ਕੁੜਮ ਕਬੀਲਾ ਵੀ । ਫਿਰ ਇੰਨਾ ਕੁ ਤਾਂ ਕਰਨਾ ਹੋਇਆ।ਸ਼ੋਕੀ ਨੇ ਆਪਣੇ ਹਿਸਾਬ ਨਾਲ ਦੱਸਿਆ।

ਉਏ ਮੈ ਤੈਨੂੰ ਕੀ ਪੁਛਿਆ ਹੈ ਤੂੰ ਉਹ ਦੱਸ। ਭੱਲੇ ਟਿੱਕੀਆਂ ਨੂੰ ਮਾਰ ਗੋਲੀ। ਚਾਚਾ ਪਾਰਟੀ ਦਾ ਮੀਨੂੰ ਸੁਣ ਕੇ ਬੁੜ੍ਹਕ ਪਿਆ। ਉਸ ਨੂੰ ਤਾਂ ਅਸਲੀ ਗੱਲ ਤਾਈ ਮਤਲਬ ਸੀ। ਸ਼ੋਕੀ ਵੀ ਚਾਚੇ ਦਾ ਗੁੱਸਾ ਵੇਖ ਕੇ ਥੋੜਾ ਥਿੜਕ ਗਿਆ।

ਚਾਚਾ ਜੀ ਵੀਰ ਜੀ ਕਹਿੰਦੇ ਸੀ ਕਿ ਉਹਨਾ ਬਾਹਰੋ ਕਿਸੇ ਨੂੰ ਨਹੀ ਬੁਲਾਇਆ।ਬਸ ਸਾਰੇ ਲੋਕਲ ਹੀ ਸੱਦੇ ਸਨ। ਵੀਰ ਜੀ ਨੇ ਤਾਂ ਆਪਣੇ ਸਹੁਰੇ ਵੀ ਨਹੀ ਸੱਦੇ। ਤੇ ਵੱਡੇ ਵੀਰ ਜੀ ਨੂੰ ਵੀ ਨਹੀ ਬੁਲਾਇਆ ਬਾਹਰੋ।ਤਾਂ ਫਿਰ ਦੀਦੀ ਤੇ ਭੂਆਂ ਨੂੰ ਕਿਵੇ ਬੁਲਾਉਂਦੇ। ਤੇ ਤਾਹੀਓ ਤਾਂ ਮੰਡੀਓ ਤੁਹਾਨੂੰ ਜਾ ਦੂਜੇ ਚਾਚਾ ਜੀ ਨੂੰ ਨਹੀ ਬੁਲਾਇਆ। ਸ਼ੋਕੀ ਨੇ ਚਾਚੇ ਦੇ ਦਿਲ ਦੀ ਗੱਲ ਦੱਸੀ।

ਚਾਚਾ ਜੀ ਨੇ ਆਪਣੀ ਰਿਟਾਇਰਮੈਟ ਤੋ ਬਾਅਦ ਮੰਡੀ ਵਿੱਚ ਆਪਣਾ ਸਕੂਲ ਖੋਲ ਲਿਆ ਸੀ। ਕਿਉਕਿ ਉਹਨਾ ਨੂੰ ਪੜਾਉਣ ਦੇ ਨਾਲ ਨਾਲ ਸਕੂਲ ਮੁਖੀ ਦਾ ਤਜਰਬਾ ਵੀ ਸੀ। ਤੇ ਉਹ ਵਿਹਲਾ ਨਹੀ ਸੀ ਬੈਠ ਸਕਦਾ। ਮਿਹਨਤੀ ਅਧਿਆਪਕ ਲਈ ਰਿਟਾਇਰਮੈਟ ਤੋ ਬਾਦ ਵਿੱਚ ਕਿਸੇ ਪ੍ਰਾਈਵੇਟ ਸਕੂਲ ਵਿੱਚ ਨੋਕਰੀ ਕਰਨੀ ਬਹੁਤ ਸੋਖੀ ਨਹੀ ਹੁੰਦੀ ਹੈ। ਅਗਲੇ ਦਿਹਾੜੀਏ ਨਾਲੋ ਵੀ ਘੱਟ ਤਨਖਾਹ ਦਿੰਦੇ ਹਨ ਤੇ ਝਿੜਕਾਂ ਵੱਖਰੀਆਂ ਮਾਰਦੇ ਹਨ। ਇਸ ਤਰਾਂ ਦੀ ਨੋਕਰੀ ਕਰਨ ਲਈ ਸਭ ਤੋ ਪਹਿਲਾ ਆਪਣੀ ਜਮੀਰ ਮਾਰਨੀ ਪੈਂਦੀ ਹੈ ਤੇ ਚਾਚਾ ਜੀ ਇਹ ਕੰਮ ਕਰ ਨਹੀ ਸੀ ਸਕਦੇ। ਸੋ ਉਹਨਾਂ ਨੇ ਆਪਣਾ ਸਕੂਲ ਖੋਲਕੇ ਆਪਣੇ ਸੌਕ ਤਜਰਬੇ ਤੇ ਜਮੀਰ ਨੂੰ ਜਿੰਦਾ ਰੱਖਿਆ।

ਚਾਚਾ ਜੀ ਨੂੰ ਚੰਗੀ ਤਰਾਂ ਯਾਦ ਸੀ ਕਿ ਅੱਜ ਤੌ ਕੋਈ ਢਾਈ ਕੁ ਦਹਾਕੇ ਪਹਿਲਾ ਵੱਡੇ ਬਾਈ ਮਾਸਟਰ ਸੰਤ ਰਾਮ ਦੀ ਰਿਟਾਇਰਮੈਟ ਸੀ ਇੱਕ ਜੇ ਬੀ ਟੀ ਮਾਸਟਰ ਵਜੋਂ। ਉਸ ਜਮਾਨੇ ਵਿੱਚ ਵੀ ਪਿੰਡਾਂ ਦੀਆਂ ਪੰਚਾਇਤਾ, ਇਲਾਕੇ ਦੇ ਮੋਹਤਵਰ ਬੰਦੇ ਤੇ ਤਕਰੀਬਨ ਸਾਰੇ ਹੀ ਰਿਸ਼ਤੇਦਾਰ ਬੁਲਾਏ ਗਏ ਸਨ ਰਿਟਾਇਰਮੈਟ ਤੇ । ਕਿਉਕਿ ਵੱਡੇ ਬਾਈ ਦਾ ਇਸ ਇਲਾਕੇ ਵਿੱਚ ਨਾਮ ਸੀ ਤੇ ਬੱਚਾ ਬੱਚਾ ਉਹਨਾ ਨੂੰ ਜਾਣਦਾ ਸੀ।ਉਹਨਾ ਦੇ ਪੜਾਏ ਵੱਡੇ ਵੱਡੇ ਅਹੁਦਿਆਂ ਤੇ ਸਨ। ਬਾਈ ਨੇ ਤਾਂ ਜਿੰਦਗੀ ਵਿੱਚ ਕਿਸੇ ਨਾਲ ਵਿਗਾੜੀ ਨਹੀ ਸੀ। ਉਸ ਦਿਨ ਆਏ ਗਏ ਹਰ ਵੱਡੇ ਛੋਟੇ ਨੂੰ ਚਾਹ ਦੇ ਕੱਪ ਨਾਲ ਇੱਕ ਇੱਕ ਸਮੋਸਾ ਤੇ ਇੱਕ ਇੱਕ ਗੁਲਾਬ ਜਾਮੁਨ ਖੁਆਇਆ ਗਿਆ ਸੀ । ਸਾਰੇ ਮਹਿਮਾਨ ਖੁਸ਼ ਸਨ ।ਤੇ ਉਸ ਰਿਟਾਇਰਮੈਟ ਪਾਰਟੀ ਦੀ ਕਈ ਦਿਨ ਇਲਾਕੇ ਚ ਚਰਚਾ ਹੁੰਦੀ ਰਹੀ। ਉਸ ਸਮਾਗਮ ਤੋ ਬਾਅਦ ਧੀਆਂ ਭੈਣਾਂ ਦੇ ਮਾਣ ਸਨਮਾਨ ਦੇ ਨਾਲ ਨਾਲ ਪ੍ਰਮਾਤਮਾਂ ਦਾ ਸੁਕਰਾਨਾ ਵੀ ਕੀਤਾ ਗਿਆ।

ਪਰ ਆਹ ਕੀ। ਇੰਨਾ ਵੱਡਾ ਇੱਕਠ ਕਰਕੇ ਘਰ ਦੇ ਬਜੁਰਗਾਂ ਤੇ ਸ਼ਰੀਕੇ ਨੂੰ ਤਾਂ ਛੱਡਿਆ ਹੀ ਛੱਡਿਆ, ਆਪਣੀ ਜਨਮਦਾਤੀ ਮਾਂ, ਅੰਮਾਂ ਜਾਏ ਭਰਾ ਦੇ ਨਾਲ ਨਾਲ ਘਰ ਦੀ ਜਾਈ ਨੂੰ ਵੀ ਵਿਸਾਰ ਦਿੱਤਾ। ਚਾਚਾ ਚੇਤ ਰਾਮ ਜਿਸਨੂੰ ਸਾਰੇ ਕਬੀਲੇ ਦਾ ਸਿੱਖਿਆ ਸ਼ਾਸਤਰੀ ਕਹਿੰਦੇ ਸਨ ਦੇ ਇਹ ਗੱਲ ਹਜੱਮ ਨਹੀ ਸੀ ਹੋ ਰਹੀ।ਪਰਿਵਾਰ ਵਿੱਚ ਉਹ ਸਭ ਤੋ ਵੱਡੀ ਉਮਰ ਦਾ ਸੀ ਇਸੇ ਲਈ ਉਹ ਪ੍ਰੇਸ਼ਾਨ ਸੀ। । ਤੇ ਉਹ ਜਾਣਦਾ ਸੀ ਕਿ ਘਰ ਦੀਆਂ ਧੀਆਂ ਭੈਣਾਂ ਤੇ ਵੱਡਿਆਂ ਦਾ ਸਨਮਾਨ ਕਿਵੇ ਕਰਨਾ ਹੈ। ਜਦੋ ਨਵੀ ਪੀੜੀ ਵੱਡਿਆਂ ਨੂੰ ਵਿਸਾਰ ਦਿੰਦੀ ਹੈ ਤਾਂ ਬਜੁਰਗਾਂ ਦਾ ਦਿਲ ਹੀ ਜਾਣਦਾ ਹੈ ਤੇ ਚਾਚੇ ਦੇ ਅੰਦਰ ਵੀ ਇਹੀ ਦੁੱਖ ਸਮਾਇਆ ਹੋਇਆ ਸੀ।

ਚਾਚੇ ਦਾ ਮੰਡੀ ਵਾਲਾ ਸਕੂਲ ਬਹੁਤ ਵਧੀਆ ਚਲਦਾ ਸੀ। ਅਚਾਨਕ ਚਾਚੇ ਦੇ ਕੋਈ ਸੱਟ ਵੱਜੀ ਤੇ ਚਾਚਾ ਮੰਜੇ ਤੇ ਪੈ ਗਿਆ। ਟੁੱਟੀ ਹੱਡੀ ਦਾ ਦਰਦ ਸਭ ਤੋ ਭੈੜਾ ਹੁੰਦਾ ਹੈ ਤੇ ਇੱਕ ਮਿਹਨਤੀ ਤੇ ਹਿੰਮਤੀ ਬੰਦੇ ਨੂੰ ਮਹੀਨਿਆਂ ਬੱਧੀ ਮੰਜੇ ਤੇ ਪੈਣਾ ਬਹੁਤ ਔਖਾ ਲੱਗਦਾ ਹੈ। ਪਰ ਇਸ ਸੱਟ ਕਰਕੇ ਚਾਚਾ ਮਜਬੂਰ ਸੀ । ਜਿਹੜਾ ਬੰਦਾ ਤਾ ਜਿੰਦਗੀ ਤੇ ਬੁਢਾਪੇ ਤੱਕ ਕਦੇ ਵਹਿਲਾ ਨਾ ਬੈਠਾ ਹੋਵੇ ਤੇ ਫਿਰ ਉਹ ਮੰਜਾ ਮੱਲ ਲਵੇ ਸਹਿਣ ਕਰਨਾ ਬਹੁਤ ਮੁਸਕਿਲ ਹੁੰਦਾ ਹੈ। ਉੱਤੋ ਜਦੋ ਢਿੱਡ ਦੇ ਜੰਮੇ ਤੇ ਹੱਥੀ ਪਾਲੇ ਪੁੱਤਾਂ ਵਰਗੇ ਭਤੀਜੇ ਪਾਸਾ ਵੱਟਣ ਲੱਗ ਜਾਣ ਤੇ ਮਨ ਆਈਆਂ ਕਰਨ ਲੱਗ ਜਾਣ ਤਾਂ ਗੁੱਸਾ ਆਉਣਾ ਕੁਦਰਤੀ ਗੱਲ ਹੈ। ਚਾਚਾ ਬਹੁਤਾ ਹਿੱਲ ਜੁੱਲ ਨਹੀ ਸੀ ਸਕਦਾ ।ਨਹੀ ਤਾਂ ਕੰਨੋ ਤੋ ਫੜ੍ਹ ਕੇ ਕਹਿੰਦਾ ਮੇਸ਼ੇ ਪੁੱਤ ਤੂੰ ਚੰਗਾ ਨਹੀ ਕੀਤਾ।

ਉਸ ਨੂੰ ਯਾਦ ਆਇਆ ਜਦੋ ਉਸਦੀ ਆਪਣੀ ਰਿਟਾਇਰਮੈਟ ਪਾਰਟੀ ਸੀ ਤਾਂ ਉਦੋ ਵੀ ਬਹੁਤ ਇਕੱਠ ਸੀ। ਇਉ ਲੱਗਦਾ ਸੀ ਜਿਵੇ ਮੇਲਾ ਪੂਰਾ ਭਰਿਆ ਹੋਵੇ । ਬਹੁਤਿਆਂ ਨੇ ਤਾਂ ਇਹੀ ਕਿਹਾ ਕਿ ਉਸਨੂੰ ਜਿੰਦਗੀ ਦੇ ਇਸ ਮੁਕਾਮ ਤੇ ਪੰਹੁਚਾਉਣ ਵਾਲਾ ਮਾਸਟਰ ਚੇਤ ਰਾਮ ਹੀ ਹੈ । ਉਸ ਸਮੇ ਤੱਕ ਪਾਰਵਾਰਿਕ ਜਿੰਮੇਦਾਰੀਆਂ ਦੇ ਕਾਰਨ ਉਸਦਾ ਆਪਣਾ ਮਕਾਨ ਵੀ ਨਹੀ ਸੀ ਬਣਿਆ। ਪਰ ਜਦੋ ਉਸਨੇ ਸਕੂਲ ਦੀ ਲਾਈਬਰੇਰੀ ਲਈ ਵਿੱਤੋ ਬਾਹਰ ਹੋ ਕੇ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਤਾਂ ਕਈ ਨਾਸਮਝ ਲੋਕ ਉਸਦੀ ਮੂਰਖਤਾ ਤੇ ਹੱਸੇ। ਪਰ ਸਮਝਦਾਰ ਲੋਕਾਂ ਨੇ ਇਸਦੀ ਖੁੱਲ੍ਹ ਕੇ ਤਾਰੀਫ ਕੀਤੀ। ਤੇ ਇਸ ਨੂੰ ਇੱਕ ਅਗਾਂਹ ਵਧੂ ਸੋਚ ਆਖਿਆ। ਸੋਕੀ ਆਪਣੀ ਗੱਲ ਪੂਰੀ ਕਰਕੇ ਕਦੋ ਦਾ ਜਾ ਚੁੱਕਿਆ ਸੀ। ਚਾਚੇ ਨੂੰ ਸੋਕੀ ਦੇ ਜਾਣ ਦਾ ਪਤਾ ਵੀ ਨਾ ਲੱਗਿਆ। ਚਾਚਾ ਆਪਣੀਆਂ ਸੋਚਾਂ ਵਿੱਚ ਗਵਾਚਿਆ ਹੋਇਆ ਸੀ। ਉਸ ਨੂੰ ਸਮਝ ਨਹੀ ਸੀ ਆ ਰਹੀ। ਕਿ ਅੱਜ ਦੀ ਪੀੜੀ ਨੂੰ ਕੀ ਹੋਈ ਜਾ ਰਿਹਾ ਹੈ। ਇਹ

ਲੋਕ ਆਪਣੀਆਂ ਜੜ੍ਹਾ ਤੋਂ ਦੂਰ ਕਿਉ ਹੋ ਰਹੇ ਹਨ। ਰਿਸਤਿਆਂ ਨੂੰ ਕਿਉ ਵਿਸਾਰ ਰਹੇ ਹਨ।ਧੀਆਂ ਤੇ ਭੈਣਾਂ ਪ੍ਰਤੀ ਇਹਨਾ ਦਾ ਨਜਰੀਆ ਕਿਉ ਬਦਲ ਰਿਹਾ ਹੈ। ਆਹੀ ਤਾਂ ਫਰਕ ਹੈ ।ਪੁਰਾਣੀ ਤੇ ਨਵੀ ਪੀੜੀ ਦਾ । ਆਹੀ ਤਾਂ ਫਰਕ ਹੈ । ਪੁਰਾਣੀ ਤੇ ਨਵੀ ਪੀੜੀ ਦਾ । ਚਾਚਾ ਵਾਰੀ ਵਾਰੀ ਬੁੜਬੁੜਾਈ ਜਾ ਰਿਹਾ ਸੀ। ਪਰ ਚਾਚੇ ਵਰਗਿਆਂ ਦੀ ਹੁਣ ਸੁਣਦਾ ਕੋਣ ਹੈ।

**ਰਮੇਸ਼ ਸੇਠੀ ਬਾਦਲ**

## ਜੰਗ ਬਹੁਾਦਰ ਸਿੰਘ ਘੁੰਮਣ ਦੀ ਨਵੀਂ ਆਈ ਪੁਸਤਕ "ਇੰਗਲੈਂਡ ਵਿੱਚ ਵਿਚਰਦਿਆਂ" ਸਫ਼ਰਨਾਮੇ ਲਈ ਮੁਬਾਰਕਬਾਦ




## ਬਹੁ-ਕਲਾਵਾਂ ਦਾ ਸੁਮੇਲ ਸੰਦੀਪ ਕੌਰ ਅਰਸ਼ ਮੁਲਾਕਾਤ



ਹੁਸਨ-ਜਵਾਨੀ, ਖੂਬਸੂਰਤੀ ਅਤੇ ਬਹੁ-ਕਲਾਵਾਂ ਦਾ ਸੁਮੇਲ ਸੰਦੀਪ ਕੌਰ ਅਰਸ਼ ਨਾਂਉ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀ। ਵੱਖ-ਵੱਖ ਅਖਬਾਰਾਂ ਤੇ ਮੈਗਜੀਨਾਂ ਦਾ ਲਗਾਤਾਰ ਸ਼ਿੰਗਾਰ ਬਣਦੀ ਆ ਰਹੀ ਉਸਦੀ ਕਲਮ ਨੇ ਉਸਦਾ ਮਾਣ-ਮੱਤਾ ਤੇ ਸ਼ਾਨਦਾਰ ਸਿਰਨਾਵਾਂ ਵਾਹਕੇ



ਰੱਖ ਦਿੱਤਾ ਹੈ। ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ 'ਵਿਰਾਸਤ', 'ਲਕੀਰਾਂ ਬੋਲਦੀਆਂ', 'ਸਾ ਰਾ ਗਾ ਮਾ' ਆਦਿ ਵਿਚ ਐਕਰਿੰਗ ਦੇ ਤੌਰ ਤੇ ਮਿਲਦੇ ਮੌਕਿਆਂ ਅਤੇ 'ਨਵੀਆਂ ਕਲਮਾਂ' ਪ੍ਰੋਗਰਾਮ ਵਿਚ ਕਵੀ-ਦਰਬਾਰ ਦੀ ਪੇਸ਼ਕਾਰੀ ਦੇ ਨਾਲ-ਨਾਲ ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਦੀ ਰੇਡੀਓ-ਟਾਕ ਨੇ ਉਸਦੀ ਪਛਾਣ ਹੋਰ ਵੀ ਗੂਹੜੀ ਕਰ ਕੇ ਰੱਖ ਦਿੱਤੀ।

ਆਪਣੀਆਂ ਸੰਗੀਤਕ ਗਤੀ-ਵਿਧੀਆਂ ਦੀ ਗੱਲ ਕਰਦਿਆਂ ਅਰਸ਼ ਨੇ ਦੱਸਿਆ ਕਿ ਉਹ ਅਜੇ ਸਕੂਲ-ਵਿਦਿਆਰਣ ਹੀ ਸੀ, ਜਦੋ ਗਿੱਧਾ-ਭੰਗੜਾ, ਸਕਿਟ, ਨਾਟਕ ਅਤੇ ਸਟੇਜ-ਸੰਚਾਲਕੀ ਦੇ ਸ਼ੌਕ ਨੇ ਸਕੂਲ ਵਿਚ ਉਸਦੀ ਅੱਡਰੀ ਪਛਾਣ ਬਣਾ ਦਿੱਤੀ ਸੀ। ਫਿਰ ਕਾਲਿਜ ਵਿਚ ਪਹੁੰਚਕੇ ਜਿੱਥੇ ਉਸਨੇ ਐਮ. ਏ. (ਪੁਲੀਟੀਕਲ ਸਾਇੰਸ) ਦੀ ਉਚ-ਡਿਗਰੀ ਹਾਸਲ ਕੀਤੀ,ਉਥੇ ਗੀਤ-ਸੰਗੀਤ ਖੇਤਰ ਨੇ ਵੀ ਅਨੇਕਾਂ ਮਾਨ-ਸਨਮਾਨ ਉਸਦੀ ਝੋਲੀ ਪਾਏ।

ਅਰਸ਼ ਨੂੰ ਨਾ-ਸਿਰਫ ਬੰਧਸ਼ ਵਿਚ ਗੀਤ, ਕਵਿਤਾਵਾਂ ਤੇ ਗ਼ਜ਼ਲਾਂ ਲਿਖਣ ਦੀ ਹੀ ਖੂਬ ਮੁਹਾਰਤ ਹਾਸਲ ਹੈ, ਬਲਕਿ ਵਾਰਤਿਕ ਵਿਚ ਵੀ ਵੱਖ-ਵੱਖ ਸਮਾਜ-ਸੁਧਾਰਕ ਵਿਸ਼ਿਆਂ ਉਤੇ ਲੇਖ ਲਿਖਣੇ ਦਾ ਉਹ ਸ਼ੌਕ ਪਾਲ ਰਹੀ ਹੈ। ਆਪਣੀਆਂ ਲਿਖੀਆਂ ਕਵਿਤਾਵਾਂ ਤੇ ਗੀਤਾਂ ਨੂੰ ਜਦੋ ਉਹ ਖੁਦ ਹੀ ਕੰਪੋਜ ਕਰ ਕੇ ਆਪਣੀ ਮਿੱਠੀ- ਸੁਰਲੀ ਤੇ ਕੋਇਲ ਵਰਗੀ ਮਧੁਰ ਅਵਾਜ ਵਿਚ ਤਰੰਨੁਮ ਵਿਚ ਪੇਸ਼ ਕਰਦੀ ਹੈ ਤਾਂ ਸਰੋਤਿਆਂ ਤੇ ਮੱਲੋ-ਮੱਲੀ ਵਾਹ-ਵਾਹ ਖੱਟ ਲੈਂਦੀ ਹੈ।

ਇਹ ਉਸਦੀ ਫੇਸ ਬਿਊਟੀ ਦਾ ਇਕ ਪਲੱਸ ਹੀ ਹੈ ਕਿ ਟੈਲੀਫਿਲਮਾਂ ਲਈ ਉਸ ਦੀ ਸਲੈਕਸ਼ਨ ਹੋਣ ਲੱਗਿਆਂ ਦੇਰ ਨਹੀ ਲੱਗਦੀ। ਫਿਲਮ-ਡਾਇਰੈਕਟਰ ਨੂੰ ਹਰ ਤਰਾਂ ਦੇ ਸਮਾਰਟ ਤੇ ਅਟਰੈਕਟਿਵ ਰੋਲ ਵਾਸਤੇ ਇਕ ਦਮ ਯਚ ਜਾਂਦਾ ਹੈ ਮਿੰਨੀ ਮਿੰਨੀ ਜਿਹੀ ਮੁਸਕਰਾਹਟ ਵੰਡਦਾ, ਗੁਲਾਬ ਦੇ ਫੁੱਲ ਵਰਗਾ ਉਸਦਾ ਮਨਮੋਹਕ ਤੇ ਸ਼ਰਮਾਕਲ ਜਿਹਾ ਚਿਹਰਾ। ਪਰ ਉਹ ਰੋਲ ਦੀ ਚੋਣ ਕਰਨ ਲੱਗੀ ਸੌ ਬਾਰ ਸੋਚਦੀ ਹੈ।

ਕਲਾ, ਸਾਹਿਤ ਤੇ ਸੱਭਿਆਚਾਰ ਦੇ ਖੇਤਰ ਵਿਚ ਅੱਗੇ ਵਧਣ ਲਈ ਜਿੱਥੇ ਉਸਦੇ ਮਨ ਵਿਚ ਲਗਨ, ਮਿਹਨਤ, ਵਿਸਵਾਸ਼, ਦ੍ਰਿੜਤਾ ਹੈ : ਕੰਮ ਕਰਨ ਦਾ ਮਾਦਾ, ਸ਼ੌਕ ਅਤੇ ਜੋਸ਼ ਹੈ, ਉਥੇ ਪੂਰੀ ਹੋਸ਼ ਵੀ ਹੈ। ਹਲਕੀ ਸ਼ੋਹਰਤ ਦੇ ਬਦਲੇ ਉਹ ਕਿਸੇ ਵੀ ਤਰਾਂ ਦੇ ਰੋਲ ਲਈ ਐਸਾ ਸਮਝੌਤਾ ਕਰਨ ਨੂੰ ਤਿਆਰ ਨਹੀ ਹੁੰਦੀ ਜਿਸ ਤੋ ਉਸ ਨੂੰ ਅੱਖਾਂ ਨੀਵੀਆਂ ਕਰਨੀਆਂ ਪੈਣ। "ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ " ਵਾਲੀ ਸੋਚ ਉਤੇ ਪਹਿਰਾ ਦੇਣ ਵਾਲੀ ਸੰਦੀਪ ਹਰ ਪਲ, ਹਰ ਕਦਮ ਬੋਚ-ਬੋਚ ਕੇ ਧਰਦੀ ਹੈ।

ਜਗਰਾਂਉ ਸ਼ਹਿਰ ਵਿਚ ਡੇਰੇ ਲਾਈ ਬੈਠੀ ਕਪੂਰਥਲਾ ਸ਼ਹਿਰ ਦੀ ਜੰਮਪਲ, ਸੰਦੀਪ (ਐਮ. ਏ. (ਪੁਲੀਟੀਕਲ ਸਾਇੰਸ) ਬੀ.-ਐੱਡ.)ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਦੱਸਿਆ ਕਿ ਪੇਕੇ ਘਰ ਵਿਚ ਜਿੱਥੇ ਉਸ ਦੇ ਪਿਤਾ ਹਰਬੰਸ ਸਿੰਘ ਜੀ ਅਤੇ ਬਾਕੀ ਪਰਿਵਾਰ ਉਸ ਦੀ ਕਲਾ ਦੀ ਕਦਰ ਕਰਦੇ ਉਸਨੂੰ ਅੱਗੇ ਵਧਣ ਲਈ ਹਮੇਸ਼ਾਂ ਹੱਲਾ-ਸ਼ੇਰੀ-ਸਹਿਯੋਗ ਤੇ ਮਿਲਵਰਤਨ ਦਿਆ ਕਰਦੇ ਸਨ, ਹੁਣ ਉਸਦਾ ਸਹੁਰਾ ਪਰਿਵਾਰ ਉਸ ਦੀ ਕਲਾ ਨੂੰ ਖੂਬ ਸਲਾਹੁੰਦਾ, ਮਾਣ ਕਰਦਾ ਅਤੇ ਉਸਨੂੰ ਅੱਗੇ ਵਧਣ ਵਿਚ ਪੂਰਨ ਸਹਾਈ ਹੋ ਰਿਹਾ ਹੈ।

ਸਹੁਰਾ ਪਰਿਵਾਰ ਵਿਚ ਬੇਸ਼ੱਕ ਸੰਦੀਪ ਦੇ ਜੀਵਨ ਸਾਥੀ ਲਖਵਿੰਦਰ ਸਿੰਘ ਧੰਜਲ ਸੰਦੀਪ ਦਾ ਸਾਥ ਦਿੰਦੇ ਹਨ, ਪਰ ਸੱਚ ਇਹ ਹੈ ਕਿ ਜੇਕਰ ਸੰਦੀਪ ਦੀ ਸਾਹਿਤਕ ਤੇ ਸੱਭਿਆਚਾਰਕ ਕੁਆਲਟੀਜ ਦੀ ਸਹੁਰਾ ਪਰਿਵਾਰ ਵਿਚੋਂ ਕਿਸੇ ਨੇ ਪਛਾਣ ਕੀਤੀ ਹੈ ਤਾਂ ਉਹ ਹਨ, ਉਨ੍ਹਾਂ ਦੇ ਡੈਡੀ-ਸਹੁਰਾ ਸ੍ਰ. ਕਰਨੈਲ ਸਿੰਘ ਧੰਜਲ। ਸਾਹਿਤ ਸਭਾਵਾਂ ਨਾਲ ਸੰਦੀਪ ਦੀ ਪਹਿਚਾਣ ਬਣਾਈ ਤਦ ਉਨ੍ਹਾਂ (ਕਰਨੈਲ ਸਿੰਘ ਧੰਜਲ) ਨੇ

ਹੀ ਅਤੇ ਮੀਡੀਆ ਵਲ ਨੂੰ ਕਦਮ ਵਧਾਇਆ ਤਾਂ ਤਦ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ। ਕਿਉਂਕਿ ਉਨ੍ਹਾਂ ਦੀ ਆਪਣੀ ਬੇਟੀ ਪਰਮਜੀਤ ਧੰਜਲ ਇਕ ਵਧੀਆ ਪੰਜਾਬੀ ਲੋਕ-ਗਾਇਕਾ ਹੋਣ ਕਰਕੇ ਉਨ੍ਹਾਂ ਨੂੰ ਪਤਾ ਹੈ ਇਸ ਫੀਲਡ ਵਿਚੋਂ ਮਿਲਦੇ ਮਾਣ-ਸਤਿਕਾਰ ਅਤੇ ਵੈਲਿਯੂ ਦਾ। ਇਵੇ ਹੀ ਸੰਦੀਪ ਦੀ ਮੰਮੀ-ਸੱਸ, ਬੀਬੀ ਰਾਜਿੰਦਰ ਕੌਰ ਧੰਜਲ ਅਤੇ ਪਰਮਜੀਤ ਧੰਜਲ ਵੀ ਕਾਫੀ ਗੌਰਵ ਮਹਿਸੂਸ ਕਰਦੀਆਂ ਹਨ। ਅੱਲਾ ਕਰੇ, ਕਲਾ, ਸਾਹਿਤ ਤੇ ਸੱਭਿਆਚਾਰ ਦੀ ਪੁਜਾਰਨ ਸੰਦੀਪ ਕੌਰ ਅਰਸ਼ ਦੇ ਹਰ ਸੁਪਨੇ ਨੂੰ ਬੂਰ ਪਵੇ ! ਆਮੀਨ!

**ਪ੍ਰੀਤਮ ਲੁਧਿਆਣਵੀ**
**ਮੁਲਾਕਾਤ ਕਰਤਾ,ਮੋਹਾਲੀ**

## ਬਲਰਾਜ ਸਿੱਧੂ ਦੀ ਪੁਸਤਕ ਜੁਗਨੀ
## ਪੁਸਤਕ ਸਮੀਖਿਆ






ਇੰਗਲੈਂਡ ਵੱਸਦੇ ਪੰਜਾਬੀ ਲੇਖਕ ਬਲਰਾਜ ਸਿੱਧੂ ਦੀ ਨਵੀਂ ਕਿਤਾਬ ਜੁਗਨੀ ਪੜਦਿਆਂ ਲੇਖਕ ਦੀ ਵਿਲੱਖਣ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਇਸ ਕਿਤਾਬ ਦੇ ਲੇਖਾਂ ਨੂੰ ਪੜਦਿਆਂ ਪੰਜਾਬੀ ਸਭਿਆਚਾਰ ਵਿਚਲੇ ਹੀਰੋ ਪਾਤਰਾਂ ਦੇ ਵਿਸਲੇਸ਼ਣ ਕਰਦਿਆਂ ਲੇਖਕ ਪੁਰਾਤਨ ਰਵਾਇਤਾਂ ਦੀ ਤੀਜੀ ਅੱਖ ਦਾ ਪਰਯੋਗ ਕਰਦਿਆਂ ਵਰਤਮਾਨ ਸਮੰ ਦੀ ਮੰਗ ਅਨੁਸਾਰ ਹਕੀਕਤਾਂ ਨੂੰ ਪਾਠਕ ਸਾਹਮਣੇ ਪੇਸ਼ ਕਰਨ ਵਿੱਚ ਪੂਰੀ ਤਰਾਂ ਸਫਲ ਰਿਹਾ ਹੈ । ਜੁਗਨੀ ਵਰਗੇ ਲੋਕ ਗੀਤਾਂ ਦੇ ਸਿੰਗਾਰ ਸਬਦ ਦੀ ਅਸਲੀਅਤ ਕੀ ਹੈ ਬਾਰੇ ਪਹਿਲੇ ਹੀ ਜੁਗਨੀ ਲੇਖ ਵਿੱਚ ਹਕੀਕੀ ਜਾਣਕਾਰੀ ਦਿੱਤੀ ਗਈ ਹੈ ਜੋ ਪਾਠਕ ਅਤੇ ਲੇਖਕਾਂ ਨੂੰ ਨਵੀਂ ਸੇਧ ਅਤੇ ਸਮਝ ਦੇਣ ਵਿੱਚ ਪੂਰੀ ਤਰਾਂ ਸਫਲ ਹੈ। ਜੁਗਨੀ ਮਹਿਜ ਇੱਕ ਸਬਦ ਨਹੀਂ ਅਤੇ ਨਾਂ ਹੀ ਕਿਸੇ ਇਸਤਰੀ ਦੀ ਕਥਾ ਹੈ ਸਗੋਂ ਇਹ ਇਤਿਹਾਸ ਦੇ ਵਰਤਾਰਿਆਂ ਵਿੱਚੋਂ ਉਪਜਿਆਂ ਸੱਚ ਹੈ ਜੋ ਪੂਰਾ ਲੇਖ ਪੜਨ ਤੋਂ ਬਾਅਦ ਹੀ ਸਮਝ ਆਉਂਦਾਂ ਹੈ। ਅੱਖਾ ਤੇ ਐਨਕ ਲੇਖ ਵਿੱਚ ਐਨਕਾਂ ਅਤੇ ਕੱਚ ਦੇ ਇਤਿਹਾਸ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹੈ । ਇਸ ਲੇਖ ਨੂੰ ਪੜਦਿਆਂ ਹੋਇਆਂ ਲੇਖਕ ਦੀ ਵਿਸਾਲ ਜਾਣਕਾਰੀ ਬਾਰੇ ਇਲਮ ਹੁੰਦਾਂ ਹੈ। ਪੰਜਵੇਂ ਅਤੇ ਛੇਵੇਂ ਲੇਖ ਜੋ ਮਿਰਜਾ ਸਾਹਿਬਾਂ ਅਤੇ ਹੀਰ ਰਾਂਝੇ ਬਾਰੇ ਹਨ ਲੇਖਕ ਨਿਰਪੱਖ ਪੜਚੋਲ ਕਰਦਿਆਂ ਇਹਨਾਂ ਇਤਿਹਾਸਕ ਪਾਤਰਾਂ ਬਾਰੇ ਬਿਬੇਕ ਪੂਰਣ ਵਿਸਲੇਸ਼ਣ ਕੀਤਾ ਹੈ ਜਿਸ ਨਾਲ ਪਾਠਕ ਵੀ ਸਹਿਮਤ ਹੋਣ ਲਈ ਮਜਬੂਰ ਹੋ ਜਾਂਦਾ ਹੈ। ਇਹ ਮਹਿਜ ਇਸ਼ਕ ਦੀਆਂ ਕਹਾਣੀਆਂ ਨਹੀਂ ਬਲਕਿ ਉਸ ਸਮੇਂ ਦੇ ਸਮਾਜ ਦੀ ਨਿਰਪੱਖ ਪੜਚੋਲ ਦੀ ਪੇਸ਼ਕਾਰੀ ਹੈ। ਇਸ ਕਿਤਾਬ ਦੇ ਦਸਵੇਂ ਲੇਖ ਵਿੱਚ ਬਾਬਾ ਸ਼ੇਖ ਫਰੀਦ ਜੀ ਬਾਰੇ ਤਾਂ ਲੇਖਕ ਨੇ ਬਹੁਤ ਹੀ ਵਧੀਆ ਜਾਣਕਾਰੀ ਦਿੱਤੀ ਹੈ ਜਿਸ ਨਾਲ ਫਰੀਦ ਜੀ ਦੀ ਮਹਾਨਤਾ ਤਾਂ ਪਰਗਟ ਹੁੰਦੀ ਹੈ ਅਤੇ ਲੇਖਕ ਦੀ ਬਹੁਪੱਖੀ ਸੋਚ ਅਤੇ ਸਮਝ ਦੇ ਵੀ ਦਰਸ਼ਨ ਹੁੰਦੇ ਹਨ । ਧਾਰਮਿਕ ਮਹਾਂਪੁਰਸ਼ਾਂ ਬਾਰੇ ਆਮ ਤੌਰ ਤੇ ਬਜੁਰਗ ਜਾਂ ਧਾਰਮਿਕ ਖੇਤਰ ਦੇ ਲੋਕਾਂ ਦਾ ਏਕਾਧਿਕਾਰ ਹੀ ਸਥਾਪਤ ਹੈ ਪਰ ਨੌਜਵਾਨ ਲੇਖਕ ਏਨੀ ਨੌਜਵਾਨ ਅਵੱਸਥਾ ਵਿੱਚ ਹੋਣ ਦੇ ਬਾਵਜੂਦ ਵੀ ਬਹੁਤ ਹੀ ਪਰਪੱਕ ਵਿਅਕਤੀਆਂ ਵਾਂਗ ਉੱਚਕੋਟੀ ਦੀ ਨਵੀਂ ਜਾਣਕਾਰੀ ਪੇਸ਼ ਕਰਦਾ ਹੈ। ਇਸ ਲੇਖ ਨੂੰ ਪੜਦਿਆਂ ਮਹਿਸੂਸ ਹੁੰਦਾਂ ਹੈ ਲਿਖਣਾਂ ਵੀ ਉਹਨਾਂ ਨੂੰ ਹੀ ਨਸੀਬ ਹੁੰਦਾਂ ਹੈ ਜਿਸ ਵਿੱਚ ਅਨੰਤ ਕੁਦਰਤ ਵੱਲੋਂ ਕੋਈ ਵਿਸੇਸ ਗੁਣ ਧਰਿਆ ਹੁੰਦਾਂ ਹੈ।

ਬਾਕੀ ਦੇ ਹੋਰ ਲੇਖਾਂ ਵਿੱਚ ਵੀ ਬਹੁਤ ਹੀ ਇਤਿਹਾਸਕ ਜਾਣਕਾਰੀਆਂ ਦੇਕੇ ਲੇਖਕ ਪਾਠਕ ਦੀ ਝੋਲੀ ਵਿੱਚ ਵੱਡਮੁੱਲੀ ਜਾਣਕਾਰੀ ਪਾਉਂਦਾਂ ਹੈ। ਜਿਸ ਤਰਾਂ ਬਰਮਿੰਘਮ ਦੀ ਸੋਹੋ ਰੋਡ ਦਾ ਵਰਣਨ ਕਰਦਿਆ ਉੱਥੋਂ ਦੇ ਸਭਿਆਚਾਰ, ਕਾਰੋਬਾਰ, ਸਮਾਜਕ ਵਿਵਹਾਰ ਆਦਿ ਅਨੇਕ ਪਹਿਲੂਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਚੌਥੇ ਲੇਖ ਸਾਹਿਤ ਸੰਗੀਤ ਅਤੇ ਕਲਾ ਵਿੱਚ ਅਸਲੀਲਤਾ ਵਿੱਚ ਲੇਖਕ ਆਪਣੀਆਂ ਜੋਰਦਾਰ ਦਲੀਲਾਂ ਦੇਕੇ ਆਪਣੀ ਗੱਲ ਕਹਿਣ ਵਿੱਚ ਸਫਲ ਰਿਹਾ ਹੈ ਜਿਸ ਨਾਲ ਪਾਠਕ ਵੀ ਬਿਬੇਕੀ ਸੋਚ ਦ ਧਾਰਨੀ ਹੋਕੇ ਨਿਰਪੱਖ ਰਾਇ ਦੇਣ ਦੇ ਯੋਗ ਹੋ ਜਾਂਦਾਂ ਹੈ। ਨੰਗੇ ਸਾਗਰਾਂ ਦੀ ਸੈਰ ਵਿੱਚ ਲੇਖਕ ਨੇ ਇੰਗਲੈਂਡ ਅਤੇ ਯੂਰਪ ਦੇ ਸਭਿਆਚਾਰ ਨਾਲ ਪਾਠਕ ਜਿੱਥੇ ਰਾਜਸੱਤਾ ਦੀ ਸੋਚ ਦੀ ਜਾਣਕਾਰੀ ਹਾਸਲ ਕਰਦਾ ਹੈ ਅਤੇ ਉੱਥੇ ਹੀ ਆਮ ਲੋਕ ਕਿਸ ਤਰਾਂ ਰਾਜਸੱਤਾ ਦੀ ਪੈੜ ਵਿੱਚ ਤੁਰਦਿਆਂ ਕਿੱਥੇ ਤੋਂ ਕਿੱਥੇ ਪਹੁੰਚ ਜਾਂਦੇ ਹਨ ਬਾਰੇ ਵੀ ਸੋਚਦਾ ਹੈ। ਇਸ ਕਿਤਾਬ ਦੇ ਬਹੁਤੇ ਲੇਖਾਂ ਵਿੱਚ ਬਲਰਾਜ ਸਿੱਧੂ ਦੀ ਗੰਭੀਰ ਸੁਲਝੀ ਹੋਈ ਸੋਚ ਦੇ ਦਰਸਨ ਹੁੰਦੇ ਹਨ। ਇਤਿਹਾਸ ਉੱਪਰ ਲੇਖਕ ਦੀ ਪਕੜ ਦੂਸਰੀਆਂ ਕਿਤਾਬਾਂ ਵਾਂਗ ਇਸ ਕਿਤਾਬ ਵਿੱਚ ਵੀ ਦਿਖਾਈ ਦਿੰਦੀ ਹੈ। ਦਰਜਨ ਦੇ ਕਰੀਬ ਕਿਤਾਬਾਂ ਲਿਖਣ ਵਾਲੇ ਬਲਰਾਜ ਸਿੱਧੂ ਨੇ ਆਪਣੇ ਹੀ ਢੰਗ ਅਤੇ ਸੋਚ ਦੇ ਨਾਲ ਤੁਰਦਿਆਂ ਹੋਇਆਂ ਆਪਣੀ ਨਿੱਜੀ ਕਮਾਈ ਦਾ ਦਸਵੰਧ ਖਰਚ ਕੇ ਪੰਜਾਬੀ ਪਾਠਕਾਂ ਦੇ ਦਿਲਾਂ ਵਿੱਚ ਜਗਾਹ ਬਣਾਕਿ ਉਹਨਾਂ ਨੂੰ ਪੜਨ ਲਈ ਮਜਬੂਰ ਕੀਤਾ ਹੈ ਇਹ ਵੀ ਉਸਦੀ ਇੱਕ ਪਰਾਪਤੀ ਹੈ । ਆਉਣ ਵਾਲੇ ਸਮੇਂ ਵਿੱਚ ਸਥਾਪਤ ਹੋ ਚੁੱਕੇ ਇਸ ਬਹੁਚਰਚਿੱਤ ਲੇਖਕ ਤੋਂ ਗੰਭੀਰ ਤੇ ਮਾਜਕ ਵਿਸਿਆਂ ਤੇ ਹੋਰ ਵੀ ਵਧੀਆ ਲਿਖਿਆ ਪੜਨ ਨੂੰ ਮਿਲੇਗਾ ਦੀ ਭਰਭੂਰ ਆਸ ਕੀਤੀ ਜਾ ਸਕਦੀ ਹੈ।

## ਗ਼ਜ਼ਲ

ਗੁਰਸ਼ਰਨ ਸਿੰਘ ਅਜੀਬ
(ਬਰਤਾਨਿਆ)



ਮੈਂ ਸ਼ਬਦਾਂ ਦੇ ਗਗਨ ਅੰਦਰ ਉਡਾਰੀ ਮਾਰਦਾ ਰਹਿੰਨਾਂ
ਤੇ ਲਭ ਲਭ ਨਵਿਆਂ ਵਿਸ਼ਿਆਂ ਨੂੰ ਕਲੇਜਾ ਠਾਰਦਾ ਰਹਿੰਨਾਂ

ਗ਼ਜ਼ਲ ਲਿਖਣਾ ਕਰਮ ਮੇਰਾ ਅਤੇ ਹੈ ਧਰਮ ਵੀ ਏਹੋ
ਮੈਂ ਲਿਖ ਲਿਖ ਨਿਤ ਨਵੀਂ ਰਚਨਾ ਹੀ ਖ਼ੁਦ ਸੰਵਾਰਦਾ ਰਹਿੰਨਾਂ

ਦਿਨੇ ਰਾਤੀ ਗ਼ਜ਼ਲ ਦੀ ਸਿਰਜਣਾ ਵਿਚ ਲੀਨ ਰਹਿੰਦਾ ਹਾਂ
ਮੈਂ ਐਸੇ ਖ਼ਾਬ ਅਪਣੇ ਨੂੰ ਸਦਾ ਸਾਕਾਰਦਾ ਰਹਿੰਨਾਂ

ਗ਼ਜ਼ਲ ਕਾਮਲ ਜਦੋਂ ਆਖਾਂ ਜ਼ਰਾ ਅਭਿਮਾਨ ਹੋ ਜਾਂਦੈ
ਤੇ ਕਰ ਫਿਰ ਕੋਸ਼ਿਸ਼ਾਂ ਅਪਣੀ ਮੈਂ ਹਉਮੈ ਮਾਰਦਾ ਰਹਿੰਨਾਂ

ਹੈ ਦਿਲ ਕਰਦਾ ਗ਼ਜ਼ਲ ਦੇ ਨਾਮ 'ਤੇ ਮੰਦਰ ਬਣਾ ਦੇਵਾਂ
ਕਰਾਂ ਬਹਿ ਕੇ ਇਦ੍ਹੀ ਪੂਜਾ ਸਦਾ ਵੀਚਾਰਦਾ ਰਹਿੰਨਾਂ

ਗ਼ਜ਼ਲਕਾਰਾਂ ਦੀ ਦੁਨੀਆਂ ਵਿਚ ਸਦਾ ਮੈਂ ਵਿਚਰਦਾਂ ਯਾਰੋ
ਜੋ ਆਖਣ ਬਾਵਜ਼ਨ ਗ਼ਜ਼ਲਾਂ ਨੂੰ ਮੈਂ ਸਤਿਕਾਰਦਾ ਰਹਿੰਨਾਂ

'ਅਜੀਬਾ' ਪਾਠ ਗ਼ਜ਼ਲਾਂ ਦਾ ਕਦੇ ਕਰਨੋਂ ਨਹੀਂ ਹਟਣਾ
ਗ਼ਜ਼ਲ 'ਤੇ ਲਿਖ ਗ਼ਜ਼ਲ ਨਿਤ ਇਸ ਤੋਂ ਆਪਾ ਵਾਰਦਾ ਰਹਿੰਨਾ

## ਜ਼ਿੰਦਗੀ ਦੇ ਗੀਤ

ਸ਼ਮਸ਼ੇਰ ਸਿੰਘ ਸਿਧੂ
(ਅਮਰੀਕਾ)



ਗਾ ਜ਼ਿੰਦਗੀ ਦੇ ਗੀਤ ਤੂੰ, ਬਾਂਕੀ ਰਬਾਬ ਵਾਂਗ
ਆਪਾ ਖਿੜੇਗਾ ਦੋਸਤਾ, ਸੂਹੇ ਗੁਲਾਬ ਵਾਂਗ।

ਪੈਰਾਂ 'ਚ ਛਾਲੇ ਰੜਕਦੇ, ਰਸਤਾ ਸਕੇ ਨ ਰੋਕ,
ਤੁਰਦੇ ਰਹਾਂਗੇ ਤਾਣਕੇ, ਛਾਤੀ ਨਵਾਬ ਵਾਂਗ।

ਹਾਏ ਅਦਾ ਤੇਰੀ ਧਰੇਂ, ਤੂੰ ਪੈਰ ਸਾਂਭ ਸਾਂਭ
ਹਾਂ ਵੀ ਕਹੋਗੇ ਸੋਹਣਿਓਂ, ਨਾਹ ਦੇ ਜਵਾਬ ਵਾਂਗ।

ਹੈ ਮਰਦ ਹੋ ਕੇ ਜੀਵਣਾ, ਇਸ ਜ਼ਿੰਦਗੀ ਦੀ ਸ਼ਾਨ
ਮਾਣੀ ਅਸਾਂ ਹੈ ਜ਼ਿੰਦਗੀ, ਅਣਖੀ ਪੰਜਾਬ ਵਾਂਗ।

ਜਦ ਬੱਦਲਾਂ ਨੇ ਘੇਰਕੇ, ਪਰਵਾਰਿਆ ਏ ਚੰਨ,
ਹਰ ਵਾਰ ਉਹ ਹੈ ਚਮਕਿਆ, ਮੁਖੜੇ ਮਤਾਬ ਵਾਂਗ।

ਜੇ ਰੁਖ ਮੁਖਾਲਿਫ ਤੇਜ਼ ਹੈ, ਵਗਦੀ ਹਵਾ ਨ ਡੋਲ
ਉੱਚੀ ਉਡਾਰੀ ਸੇਧ ਲੈ, ਤੂੰ ਵੀ ਉਕਾਬ ਵਾਂਗ।

ਆਇਆ ਨਾ ਮੇਰੀ ਜੀਭ ਤੇ, ਕੋਈ ਕਦੇ ਸਵਾਲ
ਬਹੁੜੇ ਹੁ ਯਾਰੋ ਫੇਰ ਵੀ, ਪੂਰੇ ਹਿਸਾਬ ਵਾਂਗ।

ਜੀਣਾ ਨੇ ਜਿਹੜੇ ਜਾਣਦੇ, ਜਰ ਔਕੜਾਂ ਅਨੇਕ
ਰੌਣਕ ਤਿਨਾਂ ਦੇ ਮੂੰਹ ਤੇ, ਚਮਕੇ ਸ਼ਬਾਬ ਵਾਂਗ।

ਸੋਕੇ ਨੇ ਚਾਹੇ ਆ ਗਏ, ਰਾਹੀਂ ਅਨੇਕ ਵਾਰ
ਪਰ ਦਿਲ ਬੜਾ ਭਰਪੂਰ ਹੈ, ਡੂੰਘੇ ਤਲਾਬ ਵਾਂਗ।

ਹਰ ਥਾਂ ਰਹੇ ਹਾਂ ਤੱਕਦੇ, ਤੇਰਾ ਹੀ ਰੂਪ ਰੰਗ,
ਮਸਤੀ ਰਹੀ ਹੈ ਮੂੰਹ ਤੇ, ਪੀਤੀ ਸ਼ਰਾਬ ਵਾਂਗ।

ਹਨ ਤੌਰ ਸਿੱਧੇ ਰੱਖਣੇ, ਤੇ ਤੋਰ ਤੀਰ ਵਾਂਗ
ਸੰਧੂ ਨਹੀਂ ਹੀ ਆਂਵਦੇ, ਨਖਰੇ ਜਨਾਬ ਵਾਂਗ।

## ਫੁੱਲਾਂ ਦਾ ਗੁਲਦਸਤਾ

ਸੁਬੇਗ ਸੱਧਰ
(ਫਰੀਦਾਬਾਦ)




ਕਾਗਜ਼ ਦਿਆਂ ਫੁੱਲਾਂ ਦਾ ਗੁਲਦਸਤਾ ਜਿਵੇਂ ਹੈ ਜ਼ਿੰਦਗੀ।

ਜਿਹੜਾ ਕਿਸੇ ਲਿਖਿਆ ਨਹੀਂ ਵਰਕਾ ਜਿਵੇਂ ਹੈ ਜ਼ਿੰਦਗੀ।

ਬੰਦੇ ਪਿਆਸੇ ਮਰ ਗਏ ਨਾ ਖੂਹ ਕਿਤੇ ਨਾ ਹੀ ਨਦੀ,

ਇਕ ਸੱਖਣਾ ਜਲ ਤੋਂ ਬਿਨਾਂ ਮਟਕਾ ਜਿਵੇਂ ਹੈ ਜ਼ਿੰਦਗੀ।

ਕੁਝ ਪਾ ਗਏ ਕੁਝ ਰਹਿ ਗਏ ਹਰ ਇਕ ਨੂੰ ਮੰਜ਼ਲ ਨਾ ਮਿਲੇ,

ਪੱਥਰ ਅਤੇ ਸ਼ੀਸ਼ੇ ਦਾ ਇੱਕ ਰਸਤਾ ਜਿਵੇਂ ਹੈ ਜ਼ਿੰਦਗੀ।

ਨਾ ਵੰਨ ਸੁਵੰਨੇ ਰੰਗ ਹਨ, ਨਾ ਬੋਲ ਹਨ ਮਿੱਠੇ ਜਹੇ,

ਕੀਕਣ ਪਛਾਣਾ ਹਾਲ ਹੁਣ ਖਸਤਾ ਜਿਵੇਂ ਹੈ ਜ਼ਿੰਦਗੀ।

ਸਿਰ ਨਾਲ ਬੰਦਾ ਹੁਣ ਤੁਰੇ, ਹਨ ਪੈਰ ਉਸਦੇ ਵਿਚ ਖਲਾਅ,

ਇਸ ਜੁੱਗ ਦਾ ਪੁੱਠਾ ਜਿਹਾ ਬਦਲਾ ਜਿਵੇਂ ਹੈ ਜ਼ਿੰਦਗੀ।

ਭਿੱਜੀ ਜਹੀ ਮੁਸਕਾਨ ਹੈ ਤੇ ਅੱਖੀਆਂ ਵਿਚ ਅੱਥਰੂ,

ਦਿਲ ਦੀ ਗ਼ਜ਼ਲ ਦੇ ਰੰਗ ਦਾ ਮਕਤਾ ਜਿਵੇਂ ਹੈ ਜ਼ਿੰਦਗੀ।

## ਚੌਕੇ

## ਕਵਿਤਾ

ਰਵੇਲ ਸਿੰਘ ਇਟਲੀ



### ਕੱਚੀ ਪਿੱਲੀ

ਸੂਹੇ ਰੰਗੀ ਇੱਟ ਵੇਖ ਕੇ , ਪਿੱਲੀ ਹੋਈ ਹੈਰਾਨ ,
ਮੈਂ ਕਿਉ ਪਿੱਲੀ ਰਹਿ ਗਈ ਅੜੀਏ ਇੱਕੋ ਹੀ ਅਸਥਾਨ ।
ਇਹ ਗੱਲ ਸੁਣ ਕੇ ਸੂਹੀ ਬੋਲੀ , ਲੱਗੀ ਗੱਲ ਸਮਝਾਣ,
ਜਿੱਸ ਤੇ ਮਿਹਰ ਹੋਵੇ ਉੱਸ ਅੱਗ ਦੀ ,ਉਹ ਹੋਵੇ ਪਰਵਾਣ ।

### ਫਰਕ

ਕਾਲਾ ਕੋਲਾ, ਕੋਇਲ ਕਾਲੀ , ਤੇ ਕਾਲਾ ਵੀ ਹੈ ਕਾਂ ,
ਸਦੀਆਂ ਤੋਂ ਰਿਹਾ ਸਬਰ ਝਾਕਦਾ ਕੋਇਲਾ ਬਣਿਆ ਤਾਂ।
ਹਿਜਰਾਂ ਦੀ ਨਿੱਤ ਹੂਕ ਆਲਾਪੇ , ਤਾਂ ਕੋਇਲ ਦਾ ਨਾਂ ,
ਕਾਲਾ ਕਾਂ ਪਰ ਹਰ ਥਾਂ ਬੈਠਾ , ਕਰੇ ਕੜਾਂ ਕੜਾਂ ।

### ਖੇਤੀ ਖਸਮਾਂ ਸੇਤੀ

ਅਮਨ ਦੀ ਖੇਤੀ ਕਿਧਰੇ ਕਿੱਧਰੇ ਥਾਂ ਥਾਂ ਜੰਗ ਦੀ ਖੇਤੀ ,
ਤਾਕਤਰ ਵਰ ਦੀ ਫਸਲ ਮੌਲਦੀ , ਬੰਜਰ ਹੋਏ ਬ੍ਰੇਤੀ ,
ਪਰ ਅਮਨਾਂ ਦੇ ਬੀਜ ਨਿਕਲਦੇ ਵੇਖੇ ਕਿਤੇ ਨਾ ਛੇਤੀ ,
ਤਾਂਹੀਓਂ ਸੱਚ ਸਿਆਣੇ ਕਹਿੰਦੇ , ਖੇਤੀ ਖਸਮਾਂ ਸੇਤੀ ।

### ਸੋਚ

ਕਈਆਂ ਸੋਚ ਭੜੋਲੇ ਪਾਈ , ਕਈਆਂ ਖੂਹ ਖਾਤੇ ਵਿੱਚ ਖਾਈ ,
ਝੋਲੀ ਭਰ ਭਰ ਨਫਰਤ ਵੰਡਣ, ਧਰਮ ਦੇ ਨਾਂ ਤੇ ਹੋਏ ਲੜਾਈ
ਸੱਭ ਦੇ ਲਹੂ ਦਾ ਇੱਕੋ ਰੰਗ ,ਇਹ ਗੱਲ ਕਈਆਂ ਮਨੋਂ ਭੁਲਾਈ ,
ਆਦਮ ਜਾਤ ਮੁਕਾਵਣ ਬਦਲੇ , ਮਾਰ ਰਿਹਾ ਭਾਈ ਨੂੰ ਭਾਈ ।

# ਸੰਦੇਸ਼

## ਪੰਜਾਬੀ ਬੋਲੋ, ਪੜ੍ਹੋ 'ਤੇ ਪੜ੍ਹਾਓ

"ਪ੍ਰਤਿਬਿੰਬ" ਈ-ਪਤ੍ਰਿਕਾ ਸਕੇਪ ਪੰਜਾਬ ਦਾ ਹੀ ਇੱਕ ਹਿੱਸਾ ਹੈ। ਸਕੇਪ ਪੰਜਾਬ ਸੰਸਥਾ ਦਾ ਮਨੋਰਥ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪਸਾਰ ਕਰਨਾ ਹੈ। ਇਸ ਪਤ੍ਰਿਕਾ ਦਾ ਮੰਤਵ ਮਨੋਰੰਜਨ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਵਿੱਚ ਆ ਰਹੀਆਂ ਮੁਸ਼ਕਿਲਾ ਦਾ ਹੱਲ ਕਰਨਾ ਅਤੇ ਸਾਹਿਤ ਦੇ ਵਿੱਚ ਪਿਆ ਖਿਲਾਅ ਪੂਰਾ ਕਰਨਾ ਹੋਵੇਗਾ। ਪੰਜਾਬੀ ਭਾਸ਼ਾ ਦੀ ਹੋਂਦ ਤੇ ਅਕਸਰ ਕਿੰਤੂ ਪ੍ਰੰਤੂ ਕੀਤੇ ਜਾਂਦੇ ਹਨ। ਪਰ ਸਚਾਈ ਤਾਂ ਇਹ ਹੈ ਕਿ ਅੱਜ ਅਸੀਂ ਪੰਜਾਬੀ ਭਾਸ਼ਾ ਨੂੰ ਇੱਕ ਨਵਾਂ ਰੂਪ ਹੀ ਦੇ ਦਿੱਤਾ ਹੈ ਜਿਸ ਵਿੱਚ ਅੰਗਰੇਜ਼ੀ ਤੇ ਹੋਰ ਬਾਹਰੀ ਭਾਸ਼ਾਵਾਂ ਦਾ ਬਹੁਤ ਪ੍ਰਭਾਵ ਪੈ ਚੁੱਕਾ ਹੈ। ਕੋਈ ਭਾਸ਼ਾ ਸਿੱਖਣੀ ਮਾੜੀ ਨਹੀਂ ਹੁੰਦੀ ਪਰ ਆਪਣੀ ਮਾਤ ਭਾਸ਼ਾ ਨੂੰ ਗਵਾਉਣਾ ਬਹੁਤ ਵੱਡੀ ਘਾਟ ਹੋਵੇਗੀ। ਸੋ ਅਸੀਂ ਜਿਥੇ ਵੀ ਵਸੀਏ ਆਪਣੀ ਤਰੱਕੀ ਦੇ ਨਾਲ ਨਾਲ ਪੰਜਾਬੀ ਮਾਂ ਬੋਲੀ ਦਾ ਵਾਧਾ ਵੀ ਕਰਿਏ ਤਾਂ ਜੋ ਆਉਣ ਵਾਲੀ ਪੀੜ੍ਹੀ ਆਪਣੀ ਮਾਂ ਬੋਲੀ ਤੋਂ ਵਾਂਜੀ ਨਾ ਰਹਿ ਜਾਵੇ। ਪੰਜਾਬੀ ਭਾਸ਼ਾ ਦੇ ਪੱਧਰ ਨੂੰ ਤਕਨੀਕੀ ਰੂਪ ਵਿੱਚ ਉੱਨਤ ਕਰਨਾ ਸਾਡੀ ਪ੍ਰਥਾਮਿਕਤਾ ਰਹੇਗੀ ਇਸ ਲਈ ਸਭ ਬੁੱਧੀਜੀਵੀਆਂ, ਖੋਜਾਰਥੀਆਂ ਅਤੇ ਪੰਜਾਬੀ ਸਾਹਿਤ ਅਤੇ ਭਾਸ਼ਾ ਨੂੰ ਪਿਆਰ ਕਰਨ ਵਾਲੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੀ ਉਸਾਰੂ ਰਾਏ ਜ਼ਰੂਰ ਦੇਣ ਤਾਂ ਜੋ ਅਸੀਂ ਹੋਰ ਢੁੱਕਵੇ ਕਦਮ ਚੁੱਕ ਸਕੀਏ। ਉਮੀਦ ਹੈ ਆਪ ਜੀ ਇਸ ਈ-ਪਤ੍ਰਿਕਾ ਨੂੰ ਪਹਿਲਾਂ ਦੀ ਤਰ੍ਹਾਂ ਹੀ ਪਿਆਰ ਦੇਵੋਗੇ।

**ਧੰਨਵਾਦ**

**ਪਰਵਿੰਦਰ ਜੀਤ ਸਿੰਘ**

**ਸਕੇਪ ਪੰਜਾਬ**

# ਕੁੱਝ ਝਲਕਿਆਂ









